# ਕੋਰਾ ਕਾਗਜ਼ ਤੇ ਸ਼ਬਦਾਂ ਦਾ ਸਫ਼ਰ



ਚਰਨ ਸਿੰਘ

# ਕੋਰਾ ਕਾਗ਼ਜ਼
# ਤੇ
# ਸ਼ਬਦਾਂ ਦਾ ਸਫ਼ਰ

(ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
**ਪੰਜਾਬ ਬੁੱਕ ਸੈਂਟਰ**

# Kora Kagaz
# Te
# Shabdan Da Safar

( A Collection of Poems )

By : CHARAN SINGH
9251 ARVIDA, DR.
RICHMOND B.C. V7A4K5
CANADA
Phone : 604-448-0331
Email : virdycharan@gmail.com

© Author

Edition: 2012

Price : Rs. 200/-

Title Designed by : Daljeet Saini

**Published by :**
Punjab Book Centre
Sector 22, Chandigarh
Tel. : 0172-2701952, 27855056

ਕੋਰਾ ਕਾਗ਼ਜ਼ ਤੇ ਸ਼ਬਦਾਂ ਦਾ ਸਫ਼ਰ (ਕਾਵਿ-ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

## ਮਿੱਤਰ ਪਿਆਰੇ ਸਵਰਗਵਾਸੀ
## ਤਰਸੇਮ ਸਿੰਘ ਸੰਘਾ ਨੂੰ ਸਮਰਪਿਤ

<u>ਇਸੇ ਕਲਮ ਤੋਂ</u>

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗ਼ਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਕੋਰਾ ਕਾਗ਼ਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012
* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012

# ਚਰਨ ਸਿੰਘ ਦਾ ਜੀਵਨ–ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

## ਛਪਾਈ ਅਧੀਨ ਪੁਸਤਕਾਂ

(1) ਹੰਝੂਆਂ ਦੇ ਦਰਿਆ (ਗੀਤਾਂ ਦਾ ਸੰਗ੍ਰਹਿ)
(2) ਮੈਂ ਪਗਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ)
(3) ਹੋਂਦ ਦੀ ਤਲਾਸ਼ (ਲੰਬੀ ਕਵਿਤਾ)
(4) ਕੁਕਨੂਸ (ਕਾਵਿ ਸੰਗ੍ਰਹਿ)
(5) ਮੌਲੀ ਧਰਤੀ (ਕਾਵਿ ਸੰਗ੍ਰਹਿ)
(6) ਸੰਤੁਲਨ (ਕਾਵਿ ਸੰਗ੍ਰਹਿ)
(7) ਖ਼ਾਲੀ ਘਰ (ਕਾਵਿ ਸੰਗ੍ਰਹਿ)
(8) ਪ੍ਰਦਰਸ਼ਨੀ (ਕਾਵਿ ਸੰਗ੍ਰਹਿ)
(9) ਸਮਾਧੀ (ਕਾਵਿ ਸੰਗ੍ਰਹਿ)
(10) ਖੰਭ ਤੇ ਪ੍ਰਵਾਜ਼ (ਕਾਵਿ ਸੰਗ੍ਰਹਿ)
(11) ਮੁਕਤੀ (ਲੰਬੀ ਕਵਿਤਾ)
(12) ਕਾਂਤੀ (ਕਾਵਿ ਸੰਗ੍ਰਹਿ)
(13) ਹਸਤਨਾਪੁਰ (ਕਾਵਿ ਸੰਗ੍ਰਹਿ)
(14) ਜਗਿਆਸਾ (ਕਾਵਿ ਸੰਗ੍ਰਹਿ)
(15) ਪ੍ਰਦੂਸ਼ਨ (ਕਾਵਿ ਸੰਗ੍ਰਹਿ)
(16) ਬਸਤੀ ਤੇ ਸ਼ਹਿਰ (ਕਾਵਿ ਸੰਗ੍ਰਹਿ)
(17) ਅਰਥ (ਕਾਵਿ ਸੰਗ੍ਰਹਿ)
(18) ਸੁਰਖਸ਼ਾ (ਕਾਵਿ ਸੰਗ੍ਰਹਿ)
(19) ਮਹਿਮਾ (ਕਾਵਿ ਸੰਗ੍ਰਹਿ)
(20) ਆਗਮਨ (ਕਾਵਿ ਸੰਗ੍ਰਹਿ)
(21) ਚੁੱਪ ਦੀ ਅਵਾਜ਼ (ਕਾਵਿ ਸੰਗ੍ਰਹਿ)
(22) ਕਿਵ ਸੱਚਿਆਰਾ ਹੋਈਐ (ਨਾਟਕ)

## ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਪੰਜਲ ਨੇ
ਚਰਨ ਸਿੰਘ ਦੀਆਂ ਪੁਸਤਕਾਂ ਤੇ Ph.D. ਕੀਤੀ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਲੋਕ
2. ਕਰਮ ਫੱਲ
3. ਚਿਹਰੇ ਦਾ ਭਰਮ
4. ਸ਼ਿਕੱਸਤ ਤੇ ਵਿਜੈ
5. ਖਲਾਅ
6. ਸੱਚ ਦੀ ਤਲਾਸ਼
7. ਬੁੱਤ ਤੇ ਸਨੇਹ
8. ਮੈਂ ਤੇ ਮੇਰਾ ਵਰਤਮਾਨ
9. ਅਵਾਜ਼ਾਰ ਮਨੁੱਖ
10. ਨੀਂਦਰ ਦਾ ਸੱਚ
11. ਕੱਟਿਆ ਸਿਰ
12. ਉਹ ਮਰਿਆ ਨਹੀਂ
13. ਖ਼ਾਮੋਸ਼ੀ
14. ਮੰਡੀ
15. ਮੇਰੀ ਨਫ਼ਰਤ
16. ਭਰਿਆ ਬਾਜ਼ਾਰ
17. ਬੋਲਦੀਆਂ ਗਲੀਆਂ
18. ਰੁੱਖ ਰੱਬ
19. ਕੋਰਾ ਕਾਗ਼ਜ਼
20. ਸੂਰਜ ਦਾ ਸੱਚ
21. ਭਗਤ ਦਾਸ
22. ਮੈਂ ਹਾਂ
23. ਮੌਤ
24. ਮਿੱਟੀ ਦੀ ਢੇਰੀ

## ਲੋਕ

ਇਹ ਅਰਥਹੀਣ
ਜੀਵਨ ਹੈ ਮੌਤ ਹੈ
ਇਸ ਅਰਥਹੀਣ
ਜੀਵਨ ਤੇ ਮੌਤ ਦੇ ਸਫ਼ਰ 'ਚ
ਜੀਣ ਦਾ ਕੀ ਅਰਥ ਹੈ
ਜੀਵਨ ਮੌਤ ਦੀ ਅਰਥਹੀਣਤਾ
ਮਨੁੱਖੀ ਮਾਨਸਿਕਤਾ ਦਾ
ਸੰਕਲਪ ਹੈ
ਮਨੁੱਖ ਹੀ
ਇਸ ਅਰਥਹੀਣਤਾ ਦਾ ਬੀਜ ਹੈ
ਰੁੱਖ ਹੈ

-0-

ਲੋਕ ਜਿਉਂਦੇ ਹਨ
ਜ਼ਖ਼ਮ ਖਾਂਦੇ ਹਨ
ਸ਼ਿਕੱਸਤ ਤੇ ਵਿਜੈ ਪਾਉਂਦੇ
ਸਹਿਰਾ 'ਚ ਤੁਰਦੇ ਹਨ
ਸਾਗਰ ਤਰਦੇ ਹਨ
ਖੰਡਰਾਂ 'ਚ ਰੌਣਕਾਂ ਬੀਜਦੇ ਹਨ
ਪਹਾੜ ਸਰ ਕਰਦੇ ਹਨ
ਪੱਥਰਾਂ ਚੋਂ ਬੁੱਤ ਤਰਾਸ਼ਦੇ ਹਨ
ਚੁੱਪ 'ਚ ਬੋਲਦੇ ਹਨ

ਜੀਵਨ ਤੇ ਮੌਤ ਦਾ ਸਫ਼ਰ ਕਰਦੇ ਹਨ
ਅਰਥ ਜਨਮਦੇ ਹਨ
ਜੀਵ਼ਨ ਮੌਤ ਦੀ ਹੋਂਦ 'ਚ
ਧਰਦੇ ਹਨ

-0-

ਲੋਕ ਜਿਊਂਦੇ ਹਨ ਮਰਦੇ ਹਨ
ਬਿੰਦੂ ਸਿਰਜਦੇ ਹਨ
ਚੁੱਪ 'ਚ ਚੁੱਪ ਸ਼ੋਰ 'ਚ ਸ਼ੋਰ
ਧਰਦੇ ਹਨ
ਮਹਿਕਾਂ ਉਜਾੜਦੇ ਹਨ
ਕੋਹੜ ਕਰੂਪਤਾ ਤੇ ਕੋਹਜ਼
ਜੀਵਨ 'ਚ ਉਤਾਰਦੇ ਹਨ
ਬਿੰਦੂਆਂ ਦਾ ਸਫ਼ਰ ਕਰਦੇ ਹਨ
ਬਿੰਦੂਆਂ 'ਚ ਜਿਉਂਦੇ ਹਨ
ਬਿੰਦੂਆਂ 'ਚ ਮਰਦੇ ਹਨ
ਨਾ ਜੀਵਨ ਨਾ ਮੌਤ ਦੀ
ਤਲੀ ਤੇ
ਕੋਈ ਸ਼ਬਦ ਕੋਈ ਅਰਥ ਧਰਦੇ ਹਨ

-0-

ਲੋਕ ਜਿਉਂਦੇ ਹਨ
ਜੀਵਨ ਦੇ ਸ਼ਬਦ ਚੋਂ
ਮੌਤ ਦੇ ਅਰਥ ਸਿਰਜਦੇ ਹਨ
ਮੌਤ ਦੀ ਸਰਦਲ ਤੇ
ਮੁਰਦਾ ਦੇਹ ਨਹੀਂ

ਜੀਵਨ ਅੰਕੁਰ ਧਰਦੇ ਹਨ
ਮੌਤ ਤੋਂ ਪਿਛਲੇਰਾ ਸਫ਼ਰ
ਜਿਉਂਦੇ ਜੀਅ ਕਰਦੇ ਹਨ
ਜੀਵਨ ਬੰਦਸ਼ ਤੋਂ ਮੁਕਤ ਹੁੰਦੇ ਹਨ
ਧਰਤੀ ਤੇ ਆਪਣਾ ਅਰਥ
ਅੰਬਰ ਤੇ ਆਪਣਾ ਬੋਲ ਬੀਜਦੇ ਹਨ
ਮਰ ਕੇ ਵੀ ਜਿਉਂਦੇ ਹਨ
ਜਿਉ ਕੇ ਵੀ ਮਰਦੇ ਹਨ
ਜੀਵਨ ਸਫ਼ਰ 'ਚ
ਜੀਵਨ ਦਾ ਸੰਕਲਪ ਸ਼ਬਦ ਅਰਥ
ਤੇ ਮੌਤ ਦਾ ਸੱਚ ਧਰਦੇ ਹਨ

-0-

ਲੋਕ ਜਿਉਂਦੇ ਹਨ
ਨਾ ਜੀਵਨ ਨਾ ਮੌਤ
ਸਿਰਫ਼ ਆਪਣਾ ਸੱਚ ਜਿਉਂਦੇ ਹਨ
ਜੀਵਨ ਦਾ ਪ੍ਰਯੋਜਨ ਸਮਝਦੇ ਹਨ
ਆਪਣੇ ਆਦਿ ਦੀ ਕੁੱਖ
ਪਹਿਚਾਣਦੇ ਹਨ
ਆਪਣੇ ਅੰਤ ਦਾ ਚਿਹਰਾ
ਸਿਆਣਦੇ ਹਨ
ਜੀਵਨ
ਲੋੜ ਅਨੁਸਾਰ ਜਿਉਂਦੇ ਹਨ
ਮੌਤ ਦੇ ਸੱਚ ਜਿੰਨਾ ਮਰਦੇ ਹਨ
ਸੰਜਮ ਸੰਤੁਲਨ ਸੰਤੋਖ ਤੇ
ਅਨੁਸ਼ਾਸਨ ਰੱਖਦੇ ਹਨ
ਸਦਾ ਹੀ
ਆਪਣੇ ਸਵੈ ਨੂੰ ਯਾਦ ਕਰਦੇ ਹਨ

ਕਰਤੇ ਨੂੰ ਧਿਆਉਂਦੇ ਹਨ
ਆਪਣੇ ਸੱਚ 'ਚ ਐਸਾ
ਉਤਰ ਜਾਂਦੇ ਹਨ
ਕਿ ਪਰਤ ਕੇ ਦੁਨੀਆਂ ਦੇ ਰੰਗ ਮੰਚ ਤੇ
ਨਾ ਆਉਂਦੇ ਹਨ
ਇਹ ਉਹ ਲੋਕ ਹਨ
ਜੋ ਜੀਵਨ ਸਫ਼ਰ 'ਚ
ਜੀਵਨ ਤੇ ਮੌਤ ਦਾ
ਸੰਕਲਪ ਸ਼ਬਦ ਅਰਥ ਤੇ
ਸੱਚ ਧਰਦੇ ਹਨ
ਜੀਵਨ 'ਚ ਸੂਰਜ ਵਾਂਗ ਢਲਦੇ ਹਨ
ਮੌਤ ਚੋਂ ਸੂਰਜ ਬਣਕੇ ਚੜ੍ਹਦੇ ਹਨ

-0-

ਲੋਕ ਇਕੋ ਜਿਹੇ ਨਹੀਂ ਹੁੰਦੇ
ਵੱਖ ਵੱਖ ਸੋਚ
ਮਾਨਸਿਕਤਾ ਅੰਗਾਂ ਨਕਸ਼ਾਂ ਤੇ
ਚਿਹਰਿਆਂ ਦੇ ਹੁੰਦੇ ਹਨ
ਜੀਵਨ ਸਮੁੰਦਰ 'ਚ
ਵੱਖ ਵੱਖ ਜੀਵਾਂ ਦਾ
ਵੱਖ ਵੱਖ ਜੀਵਨ ਹੈ
ਕਈਆਂ ਲਈ
ਜੀਵਨ ਸੱਚ ਹੈ
ਕਈਆਂ ਲਈ ਜੀਵਨ ਕੱਚ ਹੈ
ਕਈ ਆਪਣੀ ਹੋਂਦ ਦੇ ਕਰਤੇ
ਤੋਂ ਮੁਨਕਰ ਹਨ

ਕਈ ਕਰਤੇ ਦੇ ਸੱਚ
ਤੇ ਹੋਂਦ ਦੇ ਪੁਜਾਰੀ ਹਨ
ਕਈਆਂ ਲਈ
ਜੀਵਨ ਤੇ ਮੌਤ ਦਾ ਸਫ਼ਰ
ਅਰਥਹੀਣ ਹੈ
ਕਈਆਂ ਲਈ ਜੀਵਨ ਮੌਤ
ਮਨੁੱਖ ਤੇ ਮਨੁੱਖਤਾ ਸੱਚ ਹੈ

-0-

ਜੀਵਨ ਪ੍ਰਤੀ
ਹਰ ਇਕ ਦਾ ਆਪਣਾ ਆਪਣਾ
ਦ੍ਰਿਸ਼ਟੀਕੋਣ ਹੈ
ਮੋਨ 'ਚ ਸ਼ੋਰ ਹੈ
ਸ਼ੋਰ 'ਚ ਮੋਨ ਹੈ
ਇਕਾਈ 'ਚ ਵਿਭਿੰਨਤਾ ਪ੍ਰਧਾਨ ਹੈ
ਵਿਭਿੰਨਤਾ 'ਚ
ਇਕਾਈ ਦੀ ਜਾਨ ਹੈ
ਜੀਵਨ ਦਾ ਇਕੋ ਵਜੂਦ ਹੈ
ਹੋਂਦ ਹੈ ਸੱਚ ਹੈ
ਲੋਕਾਂ ਲਈ
ਵੱਖ ਵੱਖ ਅਰਥ ਹਨ ਨਜ਼ਰੀਏ ਹਨ
ਅਲੱਗ ਅਲੱਗ ਸੋਚ ਹੈ
ਇਸ ਲਈ
ਜੀਵਨ ਦੇ ਇਕ ਵਜੂਦ ਨੂੰ
ਲੋਕ ਵੱਖ ਵੱਖ
ਦ੍ਰਿਸ਼ਟੀ ਤੋਂ ਵੇਖਦੇ ਹਨ
ਸੋਚਦੇ ਹਨ

ਜੀਵਨ ਦੀ ਇਕੱਲੀ ਹੋਂਦ 'ਚ
ਆਪਣਾ ਵੱਖ ਵੱਖ ਰੰਗ ਘੋਲਦੇ ਹਨ
ਜੀਵਨ ਸੱਚ ਦੇ ਪ੍ਰਗਟਾਅ ਲਈ
ਵੱਖਰੀ ਵੱਖ਼ਰੀ ਜ਼ੁਬਾਨ ਬੋਲਦੇ ਹਨ
ਵਿਲੱਖਣਤਾ ਵਿਭਿੰਨਤਾ
ਲੋਕਾਂ ਦਾ ਆਧਾਰ ਹੈ
ਸੰਸਾਰ ਹੈ ਲੋਕ ਹਨ
ਜੀਵਨ ਤੋਂ ਮੌਤ ਦਾ ਸਫ਼ਰ ਹੈ
ਸੰਕਲਪ ਹੈ ਸ਼ਬਦ ਹੈ ਅਰਥ ਹੈ
ਹਰ ਇਕ ਸ਼ਬਦ ਦਾ
ਆਪਣਾ ਆਪਣਾ ਅਰਥ ਹੈ
ਹਰ ਇਕ ਅਰਥ ਦਾ
ਆਪਣਾ ਆਪਣਾ ਸ਼ਬਦ ਹੈ
ਪਰ ਅਰਥ ਤੇ ਸ਼ਬਦ ਦਾ
ਸੱਚ ਇਕ ਹੈ
ਲੋਕਾਂ ਦਾ ਸੱਚ ਅਨੇਕ ਹੈ
ਜੀਵਨ ਦਾ ਸੱਚ ਏਕ ਹੈ

-0-

ਜੀਵਨ
ਕਿਸੇ ਜਿਸ ਵੀ ਦ੍ਰਿਸ਼ਟੀ
ਤੋਂ ਤੱਕਿਆ ਹੈ
ਅਨੁਭਵਿਆ ਹੈ
ਜੀਵਿਆ ਹੈ ਹੰਢਾਇਆ ਹੈ
ਜੀਵਨ ਦਾ ਉਹੀ ਸੱਚ
ਉਸਨੂੰ ਨਜ਼ਰ ਆਇਆ ਹੈ

ਸੰਸਾਰ ਹੈ ਲੋਕ ਹਨ
ਜੀਵਨ ਧਰਾਤਲ ਹੈ
ਇਕ ਸੱਚ ਦੀ ਵੱਖਰੀ ਵੱਖਰੀ
ਸ਼ਨਾਖ਼ਤ ਹੈ
ਨਾ ਅਰਥਹੀਣ ਜੀਵਨ ਹੈ
ਨਾ ਮੌਤ ਹੈ.
ਨਾ ਅਰਥਹੀਣ ਜੀਣ ਦਾ ਅਰਥ ਹੈ
ਇਹ ਅਰਥਹੀਣਤਾ ਦੀ ਉਤਪਤੀ
ਬੰਜਰ ਮਨੁੱਖੀ ਮਾਨਸਿਕਤਾਂ ਦੀ ਧਰਤ ਹੈ

----

## ਕਰਮ ਫੱਲ

ਸਦਾ ਸੱਚ ਬੋਲੋ
ਚੋਰੀ ਕਰਨਾ ਪਾਪ ਹੈ
ਕਿਸੇ ਦਾ ਹੱਕ ਨਾ ਮਾਰੋ
ਆਪਣਾ ਧਰਮ ਨਾ ਹਾਰੋ
ਮਰਨ ਤੋਂ ਪਿਛੋਂ
ਤੁਸੀਂ ਸਵਰਗ ਪਾਓਗੇ
ਆਪਣੇ ਹੀ ਰੁੱਖ ਦੀ ਛਾਂ
ਹੰਢਾਓਗੇ
ਸੁੱਖ ਸ਼ਾਂਤੀ ਆਰਾਮ
ਤੇ ਸੁਤੰਤਰਤਾ ਜੀਓਗੇ
ਨੂਰ ਹੰਢਾਓਗੇ
ਨੂਰ ਕਹਾਓਗੇ

-0-

ਉਹ ਸੱਚ ਬੋਲਦਾ ਰਿਹਾ
ਦਸਾਂ ਨੌਹਾਂ ਦੀ ਕਿਰਤ ਕਰਦਾ ਰਿਹਾ
ਸਾਰੀ ਉਮਰ
ਕਿਸੇ ਦਾ ਹੱਕ ਨਾ ਮਾਰਿਆ
ਇਮਾਨਦਾਰ ਤੇ ਧਰਮੀ
ਜੀਵਨ ਗੁਜ਼ਾਰਿਆ
ਸਵਰਗ ਦੇ ਲਾਰੇ 'ਚ
ਉਹ ਸੰਸਾਰ ਦੇ ਦੁੱਖ ਸੁੱਖ ਔਕੜਾਂ

ਸਹਾਰਦਾ ਰਿਹਾ
ਆਪਣੇ ਆਪ ਨੂੰ
ਜੀਵਨ ਦੀ ਕਰੂਪਤਾ ਹੋਸ਼ੇਪਣ
ਤੇ ਦਲ ਦਲ 'ਚ ਉਤਾਰਦਾ ਰਿਹਾ

-0-

ਉਸਨੇ ਜੀਵਨ ਦੀਆਂ
ਕਈ ਲੜਾਈਆਂ ਲੜੀਆਂ
ਕਈ ਵਾਰ ਫਤਹਿ ਪਾਈ
ਕਈ ਵਾਰ ਹਾਰਿਆ
ਪਰ ਹਰ ਵਾਰ ਹੀ
ਉਸ ਦਾਤੇ ਦਾ ਸ਼ੁਕਰ ਗੁਜ਼ਾਰਿਆ
ਚਾਹੇ ਉਸਨੂੰ
ਵਸਤੂ ਸੰਸਾਰ 'ਚ ਸੱਚ ਬੋਲਣ ਦੀ
ਮਿਹਨਤ ਕਰਨ ਦੀ ਹੱਕ ਹਲਾਲ
ਇਮਾਨਦਾਰੀ ਦੀ
ਧਰਮੀ ਰਹਿਣ ਦੀ ਕੀਮਤ ਚੁਕਾਉਣੀ
ਪਈ
ਕਈ ਵਾਰ
ਉਸਨੂੰ ਮੂੰਹ ਦੀ ਖਾਣੀ ਪਈ

-0-

ਵਸਤੂ ਸੰਸਾਰ ਨੇ
ਉਸਨੂੰ ਐਸਾ ਘੇਰਿਆ
ਉਸਨੂੰ
ਪਰਤ ਦਰ ਪਰਤ ਉਧੇੜਿਆ

ਉਹ ਆਪਣਾ ਘਰ ਸੰਸਾਰ
ਆਪਣਾ ਪਰਿਵਾਰ ਆਪਣੇ ਰਿਸ਼ਤੇਦਾਰ
ਦੋਸਤ ਮਿੱਤਰ
ਸਭ ਕੁੱਝ ਗੁਆ ਬੈਠਾ
ਸਭ ਕੁੱਝ ਹਾਰ
ਨੰਗਾ ਭੁੱਖਾ ਕੌਡੀ ਕੌਡੀ ਦਾ ਮੌਥਾਜ਼
ਇਕ ਚੌਰਾਹੇ 'ਚ ਆ ਬੈਠਾ

-0-

ਉਸਨੇ
ਮੈਂ ਸੱਚਾ ਹਾਂ ਇਮਾਨਦਾਰ ਹਾਂ
ਹੱਕ ਹਲਾਲ ਦਾ ਹਿੱਤਕਾਰੀ ਹਾਂ
ਧਰਮੀ ਹਾਂ ਸ਼ੁਭ ਕਰਮੀ ਹਾਂ
ਇਕ ਗੱਤੇ ਤੇ ਲਿਖਵਾ ਲਿਆ
ਤੇ ਗਲ 'ਚ ਪਾ ਲਿਆ
ਤੇ ਪੁਕਾਰਦਾ ਰਿਹਾ
ਮੈਂ ਸਮਾਂ ਹਾਂ ਸਮੇਂ ਦੀ ਆਵਾਜ਼ ਹਾਂ
ਪਰ ਵਰਤਮਾਨ ਦਾ ਮੌਥਾਜ਼ ਹਾਂ

-0-

ਸ਼ਹਿਰ ਦੇ ਲੋਕਾਂ ਨੇ ਵੇਖਿਆ
ਇਹ ਸਭ ਕੁੱਝ ਉਨ੍ਹਾਂ ਦੇ ਖ਼ਿਲਾਫ਼ ਹੈ
ਸੱਚ ਇਮਾਨਦਾਰੀ ਧਰਮ
ਹੱਕ ਹਲਾਲ
ਅਜਿਹੀ ਕੋਈ ਵਸਤੂ ਨਾ ਸ਼ਹਿਰ ਦੇ
ਪਾਸ ਸੀ ਨਾ ਪਾਸ ਹੈ

ਇਹ ਕਿਸ ਦੁਨੀਆਂ ਦਾ
ਬਸ਼ਿੰਦਾ ਹੈ
ਕਿਥੇ ਰਹਿੰਦਾ ਹੈ
ਤੇ ਆਪਣੇ ਆਪਨੂੰ ਕਿਥੇ ਦਾ ਕਹਿੰਦਾ ਹੈ
ਸ਼ਹਿਰ 'ਚ
ਇਸਦਾ ਕੋਈ ਥਾਂ ਨਹੀਂ
ਸ਼ਹਿਰ ਦੀ ਨਾਮ ਸੂਚੀ 'ਚ
ਇਸਦਾ ਕੋਈ ਨਾਂ ਨਹੀਂ

-0-

ਸ਼ਹਿਰੀ ਪਤਵੰਤਿਆਂ ਉਚਾਰਿਆ
ਇਸਨੂੰ ਸ਼ਰ੍ਹੇਆਮ
ਸੂਲ਼ੀ ਤੇ ਚਾੜ੍ਹ ਦਿਓ
ਸੱਚ ਇਮਾਨਦਾਰੀ ਹੱਕ ਹਲਾਲ
ਤੇ ਧਰਮ ਦਾ
ਇਸਦੇ ਸਿਰ ਤੋਂ ਉਤਾਰ ਦਿਓ

-0-

ਜਦ ਉਸਨੂੰ ਸੂਲ਼ੀ ਤੇ ਚਾੜ੍ਹਣ ਲੱਗੇ
ਤਾਂ ਸ਼ਹਿਰ ਦਾ ਬਚਪਨ
ਸੜਕਾਂ ਬਾਜ਼ਾਰਾਂ ਗਲੀਆਂ
ਚੌਕਾਂ ਚੌਰਾਹਿਆਂ 'ਚ ਆ ਗਿਆ
ਇਕ ਸ਼ੋਰ
ਸ਼ਹਿਰ ਦੀ ਧਰਤ ਤੋਂ
ਅੰਬਰ ਤੇ ਛਾ ਗਿਆ
"ਇਹ ਸਾਡਾ ਭਵਿੱਖ ਹੈ
ਨਵੇਂ ਸਮਾਜ ਦਾ ਵਜ਼ੂਦ ਹੈ

ਸਾਡੇ ਭਵਿੱਖ ਦਾ ਸੂਰਜ
ਇਸ 'ਚ ਮਾਜੂਦ ਹੈ"
ਇਸਨੂੰ ਸੂਲ਼ੀ ਤੇ ਚਾੜ੍ਹਣ ਤੋਂ ਪਹਿਲਾਂ
ਆਪਣੇ ਭਵਿੱਖ ਨੂੰ ਸੂਲ਼ੀ ਤੇ ਚਾੜ੍ਹ ਦਿਓ
ਬਚਪਨ
ਜਵਾਨ ਹੋਣ ਤੋਂ ਪਹਿਲਾਂ ਹੀ ਮਾਰ ਦਿਓ

-0-

ਨਵੇਂ ਸੂਰਜ ਦੀਆਂ ਕਿਰਨਾਂ
ਸ਼ਹਿਰ ਤੇ ਛਾਂ ਕਰ ਦਿੱਤੀ
ਸਾਫ਼ ਸੁਥਰੀਆਂ ਤੇ ਸੱਜਰੀਆਂ ਪੌਣਾਂ
ਸ਼ਹਿਰ 'ਚ ਆ ਗਈਆਂ
ਸ਼ਹਿਰ ਦੇ ਭਵਿੱਖ ਨੇ
ਉਸਨੂੰ ਚੌਰਾਹੇ ਚੋਂ ਉਠਾ ਲਿਆ
ਮੱਥੇ ਨ਼ਾਲ਼ ਲਾ ਲਿਆ
ਦਿਲ ਦੇ ਤਖ਼ਤ ਤੇ ਬਿਠਾ ਲਿਆ

-0-

ਉਸਨੂੰ ਗਿਆਨ ਹੋਇਆ
ਮਰਨ ਤੋਂ ਪਿਛੋਂ ਕੋਈ ਸਵਰਗ ਨਹੀਂ
ਸੱਚਾਈ ਇਮਾਨਦਾਰੀ ਹੱਕ ਹਲਾਲ
ਹੀ ਮਨੁੱਖ ਦਾ ਕਰਮ ਹੈ ਧਰਮ ਹੈ
ਮਰਨ ਤੋਂ ਪਿਛੋਂ ਸਵਰਗ ਦਾ ਲਾਰਾ
ਤਾਂ ਭਰਮ ਹੈ

ਇਸ ਭਰਮ ਅਧੀਨ
ਸੱਚ ਇਮਾਨਦਾਰੀ ਹੱਕ ਹਲਾਲ
ਧਰਮੀ ਜੀਵਨ ਜਿਉਣਾ ਗਲਤ ਹੈ
ਸੱਚਾ ਸੁੱਚਾ ਤੇ ਜਿਉਂਦਾ ਜੀਵਨ
ਜਿਉਣ ਦੀ
ਇਹ ਪਹਿਲੀ ਸ਼ਰਤ ਹੈ
ਕਿ ਕਰਮ ਕਰੋ ਫੱਲ ਦੀ
ਆਸ ਨਾ ਰੱਖੋ
ਕਰਮ ਫੱਲ ਦੇ ਲਾਲਚ ਦਾ
ਮਨ ਵਿਚ ਵਾਸ ਨਾ ਰੱਖੋ

----

## ਚਿਹਰੇ ਦਾ ਭਰਮ

ਜੇ ਸੱਚ ਨਹੀਂ ਮਰਦਾ
ਤਾਂ ਮਰਨਾ ਸੱਚ ਹੋ ਨਹੀਂ ਸਕਦਾ
ਕਬਰ 'ਚ ਸੱਚ ਰੁਕ ਨਹੀਂ ਸਕਦਾ
ਸੱਚ ਚੋਂ ਅੰਕੁਰ ਮੌਤ ਦਾ
ਉੱਗ ਨਹੀਂ ਸਕਦਾ

-0-

ਮੈਂ ਕਿਉਂ
ਬਜ਼ਾਰਾਂ ਸੜਕਾਂ ਤੇ ਭੀੜਾਂ 'ਚ
ਆਪਣਾ ਚਿਹਰਾ ਭਾਲ ਰਿਹਾ ਹਾਂ
ਆਪਣੇ ਅੰਗ ਤੇ ਨਕਸ਼
ਤਲਾਸ਼ ਰਿਹਾ ਹਾਂ
ਚਿਹਰਾ ਜੋ ਮੈਨੂੰ
ਮੈਦਾਨੇ ਜੰਗ 'ਚ ਉਤਾਰ ਕੇ
ਦੁਸ਼ਮਣਾਂ ਸਾਵੇਂ ਖਲਿਆਰ ਕੇ
ਆਪ ਨੱਸ ਗਿਆ
ਅੰਗ ਤੇ ਨਕਸ਼
ਮੇਰੀ ਦੇਹ ਤਿਆਗ ਕੇ
ਹੋਰਾਂ ਦੀ ਪਹਿਚਾਣ ਹੋ ਗਏ
ਚਿਹਰਾ ਮੇਰੇ ਮੱਥੇ ਤੇ
ਸ਼ਿਕੱਸਤ ਧਰ ਗਿਆ
ਅੰਗ ਤੇ ਨਕਸ਼
ਮੈਨੂੰ ਆਪਣੇ ਆਪ ਲਈ
ਪਰਾਇਆ ਕਰ ਗਏ

-0-

ਮੈਂ ਆਪਣੇ ਲਈ ਹਾਰਿਆ
ਓਪਰਾ ਮਨੁੱਖ ਹਾਂ
ਮੈਂ ਬਿਨ ਪੱਤਾ ਬਿਨ ਜੜ੍ਹਾਂ
ਨਿਛਾਵਾਂ ਰੁੱਖ ਹਾਂ
ਜੋ ਖਲਾਅ 'ਚ ਲਟਕ ਰਿਹਾ ਹਾਂ
ਫਰੇਬੀ ਚਿਹਰੇ ਲਈ
ਤੇ ਲਹੂੰ ਦੀ ਥਾਂ
ਪਾਣੀ ਚੋਂ ਉੱਗੇ ਨਕਸ਼ਾਂ ਤੇ
ਅੰਗਾਂ ਲਈ

-0-

ਚਿਹਰਾ
ਜੋ ਜੰਗ ਦੇ ਮੈਦਨ ਤੋਂ
ਅਣਜਾਣ ਸੀ
ਅੰਗ ਤੇ ਨਕਸ਼
ਜਿਨ੍ਹਾਂ ਦੀ ਨਾ ਕੋਈ
ਆਪਣੀ ਪਹਿਚਾਣ ਸੀ
ਚਿਹਰਾ ਕਾਇਰਤਾ ਦੀ ਮੌਤ
ਮਾਰਿਆ ਗਿਆ
ਅੰਗ ਤੇ ਨਕਸ਼
ਪਹਿਚਾਣ ਤੋਂ ਬਿਨ ਜਿਉਂਦੇ ਰਹੇ
ਮੈਂ ਧੜ
ਮੌਤ ਦੇ ਘੁੱਟ ਭਰਦਾ ਰਿਹਾ
ਆਪਣੇ ਚਿਹਰੇ
ਅੰਗਾਂ ਤੇ ਨਕਸ਼ਾਂ ਲਈ ਲੜਦਾ ਰਿਹਾ

-0-

ਮੈਂ ਉਹ ਚਿਹਰਾ
ਆਪਣੇ ਧੜ ਤੇ ਸਜਾ ਕੇ
ਕੀ ਕਰਨਾ ਹੈ
ਅੰਗਾਂ ਤੇ ਨਕਸ਼ਾਂ ਨੂੰ
ਆਪਣੀ ਦੇਹ ਤੇ ਲਾ ਕੇ
ਕੀ ਕਰਨਾ ਹੈ
ਪਹਿਚਾਣ ਤੋਂ ਬਿਨਾਂ
ਕਾਇਰਤਾ ਦੀ ਜੂਨ ਜਿਉਣੋਂ
ਤਾਂ ਚੰਗਾ ਹੈ
ਕਿ ਮੇਰਾ ਸੱਚ ਮਰ ਜਾਏ
ਮੈਨੂੰ ਕਬਰ 'ਚ ਧਰ ਜਾਏ

-0-

ਜਿਸ ਚਿਹਰੇ ਦੇ ਆਸਰੇ
ਮੈਂ ਜ਼ਿਦਗੀ ਦੀ ਲੜਾਈ ਲੜੀ
ਮੈਦਾਨੇ ਜੰਗ 'ਚ ਉਤਰਿਆ
ਭੀੜਾਂ 'ਚ ਤੁਰਿਆ
ਜਿਨ੍ਹਾਂ ਅੰਗਾਂ ਤੇ ਨਕਸ਼ਾਂ ਦੀ
ਪਹਿਚਾਣ ਨਾਲ ਸੀ ਜੁੜਿਆ
ਨਾ ਉਹ ਚਿਹਰਾ ਮੇਰਾ ਸੀ
ਨਾ ਉਹ ਅੰਗ ਤੇ ਨਕਸ਼ ਮੇਰੇ ਸਨ

----

# ਸ਼ਿਕੱਸਤ ਤੇ ਵਿਜੈ

ਇਕ ਪਾਸੇ ਸ਼ਿਕੱਸਤ ਸੀ
ਇਕ ਪਾਸੇ ਵਿਜੈ ਸੀ
ਸ਼ਿਕੱਸਤ ਮੇਰੀ ਸੀ
ਵਿਜੈ ਤੇਰੀ ਸੀ

-0-

ਯੁੱਧ 'ਚ
ਸੂਰਜ ਚੜ੍ਹੇ ਸੂਰਜ ਡੁੱਬੇ
ਫੌਜਾਂ ਦੀ ਧੂੜ 'ਚ
ਅੰਬਰ ਦਿਸਣੋਂ ਹਟ ਗਿਆ
ਧਰਤੀ ਦੇ ਚਿਹਰੇ ਤੇ
ਸੈਨਿਕ ਦਲਾਂ ਦੀ ਫ਼ਸਲ ਲਹਿਰਾਉਂਦੀ
ਨਜ਼ਰ ਆਈ

-0-

ਚਹੁੰ ਦਿਸ਼ਾਵਾਂ ਚੋਂ
ਬਿਗਲਾਂ ਸੰਖਾਂ ਘੋੜਿਆਂ
ਦੀ ਟਾਪਾਂ ਦੀਆਂ ਆਵਾਜ਼ਾਂ
ਹਾਥੀਆਂ ਦੀਆਂ ਚਿੰਘਾੜਾਂ
ਢਾਲਾਂ ਤਲਵਾਰਾਂ ਦੇ ਖੜਕੇ
ਰੱਥਾਂ ਦੇ ਪਹੀਆਂ ਦੀਆਂ ਚੀਕਾਂ
ਧਰਤ ਤੋਂ ਅੰਬਰ 'ਚ
ਜੰਗ ਦੇ ਬੋਲ ਗੂੰਜੇ

-0-

ਪੌਣਾਂ 'ਚ ਘੁਲੇ
ਸ਼ੋਰ ਨਾਲ ਖਲਾਅ ਭਰ ਗਿਆ

ਸੈਨਾਂ ਦੇ ਕੱਟਿਆਂ ਸਿਰਾਂ ਹੱਥਾਂ
ਪੈਰਾਂ ਬਾਹਾਂ ਧੜਾਂ ਦੇ ਅੰਬਾਰ
ਮੈਦਾਨੇ ਜੰਗ 'ਚ ਲੱਗੇ
ਜ਼ਖ਼ਮੀਆਂ ਦੀ ਹਾਹਾਕਾਰ
ਹਾਥੀ ਘੋੜਿਆਂ ਦੇ ਕਟੇ ਤੇ
ਖਿਲਰੇ ਅੰਗ
ਧਰਤੀ ਲਹੂ ਨਾਲ ਰੰਗੀ ਗਈ
ਲਾਲ ਹਨ੍ਹੇਰੀ
ਮੈਦਾਨੇ ਜੰਗ 'ਚ ਵਗੀ

–0–

ਲਾਸ਼ਾਂ ਦਿਆਂ ਢੇਰਾਂ ਤੇ
ਇਕ ਪਾਸੇ ਸ਼ਿਕੱਸਤ
ਭਾਵ ਮੈਂ ਖੜ੍ਹਾ ਸਾਂ
ਦੂਜੇ ਪਾਸੇ ਵਿਜੈ
ਭਾਵ ਉਹ ਖੜ੍ਹਾ ਸੀ
ਮੈਂ ਜੰਜ਼ੀਰਾਂ 'ਚ ਜਕੜਿਆ ਸਾਂ
ਉਹ ਹਵਾ 'ਚ
ਤਲਵਾਰ ਲਹਿਰਾ ਲਹਿਰਾ ਕੇ
ਪੁਕਾਰ ਰਿਹਾ ਸੀ
ਮੈਂ ਫਤਹਿ ਹਾਂ ਫਤਹਿ ਮੇਰੀ ਹੈ

–0–

ਉਸ ਮੈਨੂੰ ਪੁੱਛਿਆ
ਦਸ ਤੇਰੇ ਨਾਲ ਕੀ ਸਲੂਕ ਕੀਤਾ ਜਾਏ
ਮੈਂ ਬੋਲਿਆ
ਮੇਰੀ ਸ਼ਿਕੱਸਤ ਚੋਂ
ਮੈਨੂੰ ਮਨਫ਼ੀ ਕਰ ਦੇ ਬਾਕੀ ਮੇਰਾ ਸਵੈ ਹੈ

ਆਪਣੀ ਵਿਜੈ ਚੋਂ
ਆਪਣਾ ਆਪ ਮਨਫ਼ੀ ਕਰ ਦੇ
ਬਾਕੀ ਤੇਰਾ ਸਵੈ ਹੈ
ਸਵੈ ਦੀ ਹੀ ਸ਼ਿਕੱਸਤ ਹੈ
ਸਵੈ ਦੀ ਹੀ ਵਿਜੈ ਹੈ
ਮੇਰੇ ਸਵੈ ਚੋਂ ਮੈਨੂੰ
ਆਪਣੇ ਸਵੈ ਚੋਂ ਆਪਣੇ ਆਪ ਨੂੰ
ਮਨਫ਼ੀ ਕਰ ਦੇ
ਬਾਕੀ ਸਿਰਫ਼ ਸਵੈ ਹੈ
ਫਿਰ ਦਸ ਕਿਸ ਦੀ ਹਾਰ ਹੈ
ਕਿਸ ਦੀ ਜਿੱਤ ਹੈ
ਫਿਰ ਜੋ ਚਾਹੇਂ ਸਲੂਕ ਕਰ
ਮੇਰੇ ਸਿਰ ਤੇ
ਆਪਣੀ ਤਲਵਾਰ
ਜਾਂ ਮੇਰੀ ਤਲਵਾਰ ਤੇ
ਆਪਣਾ ਸਿਰ ਧਰ

-0-

ਉਸਨੇ ਆਪਣੀ ਵਿਜੈ ਨੂੰ
ਮੇਰੀ ਸ਼ਿਕੱਸਤ ਦੀ ਕੁੱਖ਼ ਬਣਾ ਲਿਆ
ਮੈਨੂੰ ਰਿਹਾਅ ਕਰ ਦਿੱਤਾ
ਤੇ ਮੇਰੀ ਸ਼ਿਕੱਸਤ ਨੂੰ
ਵਿਜੈ ਦੇ ਤਖ਼ਤ ਤੇ ਬਿਠਾ ਦਿੱਤਾ

-----

## ਖਲਾਅ

ਮੇਰੇ ਬਾਹਰ ਦਾ ਦਾਇਰਾ
ਮੇਰੇ ਦੁਆਲੇ ਦਾ ਖਲਾਅ ਹੈ
ਮੈਂ ਜਦ
ਇਸਦਾ ਸਫ਼ਰ ਕਰਦਾ ਹਾਂ
ਮੇਰਾ ਸਰੀਰ ਤਿੜਕ ਜਾਂਦਾ ਹੈ
ਮੇਰੇ ਅੰਗ ਮੇਰੇ ਨਕਸ਼
ਬਿਖ਼ਰ ਜਾਂਦੇ ਹਨ
ਮੇਰੀ ਹੋਂਦ ਦਾ ਸੱਚ
ਤਕਸੀਮਿਆਂ ਜਾਂਦਾ ਹੈ
ਨਾ ਮੇਰਾ ਕੋਈ ਆਕਾਰ
ਨਾ ਵਜ਼ੂਦ ਰਹਿੰਦਾ ਹੈ

-0-

ਮੈਂ ਕੁੱਝ ਸਾਂ
ਤੋਂ
ਕੁੱਝ ਵੀ ਨਹੀਂ 'ਚ ਬਦਲ ਜਾਂਦਾ ਹਾਂ
ਨਾਂ ਮੇਰੀ ਚੁੱਪ 'ਚ
ਖਲਾਅ ਸੁੰਘੜਦਾ ਹੈ
ਨਾ ਮੇਰੇ ਸ਼ੋਰ ਸੰਗ ਖਲਾਅ
ਫੈਲਦਾ ਹੈ
ਮੈਂ ਖਲਾਅ 'ਚ ਤੈਰਦਾ ਹਾਂ
ਖਲਾਅ ਮੇਰੇ 'ਚ ਤੈਰਦਾ ਹੈ
ਦੋਹਾਂ ਦਾ ਹੀ ਨਾ ਕੁੱਝ ਘਟਦਾ ਹੈ
ਨਾ ਵਧਦਾ ਹੈ
ਸਿਰਫ਼ ਮੇਰੇ ਚਿਹਰੇ ਦੀ
ਸਿਆਣ ਨਹੀਂ ਰਹਿੰਦੀ

ਮੇਰੇ ਬਿਖ਼ਰੇ ਅੰਗਾਂ ਤੇ ਨਕਸ਼ਾਂ ਨੂੰ
ਮੇਰੇ ਵਜ਼ੂਦ ਦੀ ਪਹਿਚਾਣ ਨਹੀਂ ਰਹਿੰਦੀ

-0-

ਮੈਂ ਜਦ
ਆਪਣੇ ਅੰਦਰਲੇ ਸੱਖਣੇਪਣ 'ਚ
ਤੁਰਦਾ ਹਾਂ
ਮੇਰਾ ਵਜ਼ੂਦ ਤਿੜਕਦਾ ਨਹੀਂ
ਮੇਰੇ ਅੰਗ ਮੇਰੇ ਨਕਸ਼
ਬਿਖ਼ਰਦੇ ਨਹੀਂ
ਮੇਰਾ ਅੰਦਰਲਾ ਖਲਾਅ
ਮੇਰੀ ਉਂਗਲੀ ਫੜ਼ਦਾ ਹੈ
ਮੇਰੇ ਪੈਰਾਂ 'ਚ ਸੂਰਜ ਧਰਦਾ ਹੈ
ਮੇਰੇ ਮਸਤਕ 'ਚ ਰੌਸ਼ਨੀ ਕਰਦਾ ਹੈ
ਤੇ ਮੈਨੂੰ
ਮੇਰੇ ਅੰਕੁਰ ਤੱਕ ਲੈ ਜਾਂਦਾ ਹੈ
ਜਿਸਦੇ ਅੰਦਰ ਵੀ ਖਲਾਅ ਹੈ
ਬਾਹਰ ਵੀ ਖਲਾਅ ਹੈ
ਕੁੱਝ ਹੋਰ ਵੀ ਖਲਾਅ ਦੇ ਸਿਵਾ ਹੈ
ਜਿਸ ਚੋਂ ਖਲਾਅ ਜਨਮਦਾ ਹੈ
ਮੇਰੇ ਨੈਣ ਨਕਸ਼ ਅੰਗ
ਮੇਰਾ ਵਜ਼ੂਦ ਜਨਮਦਾ ਹੈ

-0-

ਇਹ ਜੋ
ਖਲਾਅ ਦੇ ਸਿਵਾ ਕੋਈ ਹੋਰ ਹੈ

ਇਸਦਾ ਕੋਈ ਵਜ਼ੂਦ ਨਹੀਂ
ਕੋਈ ਰੰਗ ਨਹੀਂ ਰੂਪ ਨਹੀਂ ਸਰੂਪ ਨਹੀਂ
ਇਹ ਕੁੱਝ ਹੋਰ 'ਚ
ਜੀਵਨ ਹੈ ਰੌਸ਼ਨੀ ਹੈ ਨੂਰ ਹੈ
ਜੀਵਨ ਦਾ ਸੋਮਾ ਹੈ
ਬਿੰਦੂ ਹੈ ਅਥਾਹ ਹੈ
ਇਹ ਜੋ ਕੁੱਝ ਵੀ ਹੈ
ਖ਼ੁਦਾ ਹੈ
ਜਿਸਦਾ ਰੰਗ ਰੂਪ ਸਰੂਪ ਖਲਾਅ ਹੈ
ਜੋ ਮੇਰੇ ਅੰਦਰ ਵੀ ਹੈ
ਬਾਹਰ ਵੀ ਹੈ
ਮੇਰੇ ਅੰਕੁਰ ਵਿਚਕਾਰ ਵੀ ਹੈ

-0-

ਧਰਤੀ ਨੂੰ ਪੁੱਟੋ
ਉਸ 'ਚ ਸਮਾਇਆ ਹੈ
ਅੰਬਰ ਨੂੰ ਖ਼ਾਲੀ ਕਰੋ
ਉਸ 'ਚ ਰਮਾਇਆ ਹੈ
ਸਮੁੰਦਰ ਚੋਂ ਜ਼ਲ ਸੁਕਾ ਦੇਵੋ
ਜਲ ਸੁਕਣ ਤੋਂ ਪਹਿਲਾਂ ਹੀ
ਸਮੁੰਦਰ 'ਚ ਭਰ ਆਇਆ ਹੈ
ਮੈਂ ਖ਼ੁਦਾ
ਅੰਦਰਲੇ ਖਲਾਅ ਚੋਂ ਪਾਇਆਂ ਹੈ
ਬਾਹਰ ਤੇ ਅੰਦਰ ਖਲਾਅ ਨਹੀਂ
ਖ਼ੁਦਾ ਹੀ ਖ਼ੁਦਾ ਸਮਾਇਆ ਹੈ

----

## ਸੱਚ ਦੀ ਤਲਾਸ਼

ਤੂੰ ਇੰਜ ਹੀ ਚੁੱਪ ਚਾਪ
ਮੇਰੇ ਸਾਂਵੇਂ ਬੈਠਾ ਰਹਿ ਮੇਰੇ ਦੋਸਤ
ਆਪਣੀਆਂ ਅੱਖ਼ਾਂ 'ਚ
ਦਿੱਸ ਅਦਿੱਸ ਸੁਫ਼ਨੇ
ਵਿਸਥਾਰਦਾ ਰਹਿ
ਆਪਣੇ ਬੋਲਾਂ 'ਚ
ਆਬੋਲਿਆ ਸੰਸਾਰ
ਉਸਾਰਦਾ ਰਹਿ
ਆਪਣੇ ਦਿਲ ਦੀ ਧੜਕਣ
ਵੀ ਰੋਕ ਲੈ
ਆਪਣੇ ਲਹੂ ਦੀ ਗਤੀ
ਵੀ ਰੋਕ ਲੈ
ਆਪਣੇ ਸਵਾਸਾਂ ਨੂੰ ਵੀ ਰੋਕ ਲੈ

-0-

ਮੇਰੇ ਦੁਆਲੇ
ਜਿਹੀ ਚੁੱਪ ਉਸਾਰ ਦੇ
ਜਿਸ 'ਚੋਂ
ਵੇਖਣ ਸੁਣਨ ਸੁੰਘਣ ਤੇ ਸਪਰਸ਼
ਇੰਦਰੀਆਂ ਮਨਫ਼ੀ ਹੋਣ
ਪੱਥਰਾਂ ਦੁਆਲੇ
ਪੱਥਰਾਂ ਦੀ ਦੀਵਾਰ ਹੋਵੇ

ਕਬਰਾਂ ਦੀ ਚੁੱਪ ਦਾ ਉਤਾਰ ਹੋਵੇ
ਜਿਥੇ ਤਿੱਤਲੀ
ਆਪਣੇ ਪਰਾਂ ਦੀ ਆਹਟ ਵੀ ਨਾ
ਸੁਣ ਸਕੇ
ਆਪਣੇ ਪ੍ਰਾਣਾਂ ਦਾ ਸੂਤ ਵੀ ਨਾ
ਬੁਣ ਸਕੇ

-0-

ਅਜਿਹੀ ਚੁੱਪ 'ਚ
ਮੈਂ ਤੇਰੇ ਅਦਿੱਸ ਸੁਫ਼ਨਿਆਂ
ਦੀ ਆਹਟ ਸੁਣ ਸਕਾਂ
ਅਬੋਲਿਆਂ ਬੋਲਾਂ ਦਾ
ਉਸਰਿਆ ਸੰਸਾਰ ਵੇਖ ਸਕਾਂ
ਤੇਰੇ ਠਹਿਰੇ ਦਿਲ 'ਚ ਝਾਕ ਸਕਾਂ
ਤੇਰੇ ਗਤੀ ਰਹਿਤ ਲਹੂ 'ਚ ਤੈਰ ਸਕਾਂ
ਸਵਾਸਾਂ ਤੋਂ ਬਿਨਾਂ
ਜੀਵਨ ਅਨੁਭਵ ਕਰ ਸਕਾਂ
ਤੇਰੀ ਕਬਰ ਨੁਮਾਂ ਦੇਹ 'ਚ
ਆਪਣੀ ਦੇਹ ਧਰ ਸਕਾਂ

-0-

ਅਜਿਹੀ ਚੁੱਪ 'ਚ
ਜੋ ਨਿਰੋਲ ਸ਼ੁਧਤਾ ਹੈ
ਖਾਲੀਪਣ ਹੈ ਜੋ ਅਜਨਮਿਆ ਸੱਚ ਹੈ

ਜੀਵਨ ਛੋਹ ਤੋਂ
ਬਾਅਦ ਤਾਂ ਵੇਖਿਆ ਹੈ
ਜੀਵਨ ਛੋਹ ਤੋਂ ਪਹਿਲਾਂ
ਇਸਦੀ ਖ਼ੁਸ਼ਬੂ ਦਾ ਸੱਚ ਕੀ ਹੈ
ਸਰੂਪ ਕੀ ਹੈ ਰੂਪ ਕੀ ਹੈ
ਇਹ ਜਾਣਨਾ ਚਾਹੁੰਦਾ ਹਾਂ
ਤਾਂ ਕਿ ਉਹ ਪਵਿੱਤਰ ਸ਼ੁੱਧ
ਨਿਰਮਲ ਨਿਰੋਲ ਸੱਚ
ਪਹਿਚਾਣ ਸਕਾਂ
ਤੇਰੀ ਕਬਰ ਨੁਮਾ ਦੇਹ ਜੀਵਾਂ
ਤੇ ਤੇਰੀ ਸਿਰਜੀ ਚੁੱਪ 'ਚ ਉਤਰ ਕੇ
ਸ਼ੋਰ ਦਾ ਆਦਿ ਜਾਣ ਸਕਾਂ
ਸ਼ੋਰ ਜੋ ਸੁਰ ਤੋਂ ਪਹਿਲਾਂ ਹੈ
ਰਾਗ ਤੋਂ ਪਹਿਲਾਂ ਹੈ
ਸੰਗੀਤ ਤੋਂ ਪਹਿਲਾਂ ਹੈ
ਅਲਾਪ ਤੇ ਸਾਜ਼ ਤੋਂ ਪਹਿਲਾਂ ਹੈ

----

## ਬੁੱਤ ਤੇ ਸਨੇਹ

ਐ
ਸੰਗੇਮਰਮਰ ਦੀ ਮੂਰਤੀ
ਮੇਰੇ ਸੰਕਲਪ ਸ਼ਬਦ ਅਰਥ ਦਾ
ਵਜ਼ੂਦ ਹੈਂ ਤੂੰ
ਮੇਰੀ ਚੇਤਨਾ ਮੇਰੀ ਸੋਚ
ਮੇਰੇ ਅਨੁਭਵ 'ਚ ਮੌਜੂਦ ਹੈਂ ਤੂੰ
ਮੇਰੇ ਲਹੂ ਮੇਰੇ ਦਿਲ ਦੀ ਧੜਕਣ
ਮੇਰੀ ਕਾਰਜ ਪ੍ਰਣਾਲੀ
ਮੇਰੇ ਅੰਤਾਕਰਨ ਦਾ ਸਰੂਪ ਹੈਂ ਤੂੰ

-0-

ਤੇਰਾ ਇਹ ਰੂਪ ਹੈ
ਜੋ ਸੂਰਜ ਚੜ੍ਹਣ ਤੋਂ ਪਹਿਲਾਂ
ਰੋਜ਼ ਮੈਨੂੰ ਤੇਰੇ ਦੀਦਾਰ ਲਈ
ਤੇਰੇ ਦੁਆਰ ਤੇ ਲੈ ਆਉਂਦਾ ਹੈ
ਸਾਰਾ ਦਿਨ
ਤੈਨੂੰ ਆਪਣੇ ਸਾਹਾਂ 'ਚ
ਮਹਿਸੂਸ ਕਰਦਾ ਹੈ
ਸਾਰੀ ਰਾਤ ਤੇਰੇ ਸੁਫ਼ਨਿਆਂ
ਦੀ ਉੱਡੀਕ 'ਚ ਲੰਘਾਉਂਦਾ ਹੈ

-0-

ਤੇਰੀ ਦ੍ਰਿਸ਼ਟੀ ਹੀਣਤਾ
ਮੈਨੂੰ ਪਹਾੜਾਂ ਦੇ ਅੰਤਾਕਰਨ ਤੱਕ
ਲੈ ਜਾਂਦੀ ਹੈ

ਸਮੁੰਦਰ ਦੀ ਦੇਹ ਪ੍ਰਣਾਲੀ 'ਚ
ਉਤਾਰ ਦਿੰਦੀ ਹੈ
ਧਰਤੀ ਦੇ ਭ੍ਰਮਣ ਲਈ
ਅੰਬਰ ਉਧੇੜਣ ਲਈ
ਮੈਨੂੰ ਤੋਰ ਦਿੰਦੀ ਹੈ
ਤੇਰੀ ਦ੍ਰਿਸ਼ਟੀ ਹੀਣਤਾ
ਮੈਨੂੰ ਵਸਤੂ ਸੰਸਾਰ ਦੇ
ਅੰਦਰੂਨੀ ਸੱਚ ਨਾਲ ਜੋੜ ਦਿੰਦੀ ਹੈ

−0−

ਤੇਰੀ ਚੁੱਪ
ਮੈਨੂੰ ਵੇਦਾਂ ਸ਼ਾਸਤਰਾਂ ਗ੍ਰੰਥਾਂ
ਦੇ ਵਿੱਦਿਅਕ ਵਜ਼ੂਦ 'ਚ
ਉਤਾਰ ਦਿੰਦੀ ਹੈ
ਮੇਰੇ ਲਹੂ 'ਚ
ਬੋਲ ਸ਼ੋਰ ਵਾਣੀ ਰਾਗ ਰੰਗ
ਸੰਗੀਤ ਤੇ ਨ੍ਰਿਤ ਘੋਲ ਦਿੰਦੀ ਹੈ
ਤੇਰੀ ਚੁੱਪ ਸਦਕਾ
ਮੈਂ ਵੇਦਾਂ ਸ਼ਾਸਤਰਾਂ ਗ੍ਰੰਥਾਂ ਦਾ ਸੱਚ
ਤੇ ਭਾਸ਼ਾ ਦਾ ਮੂਲ ਪਹਿਚਾਣਦਾ ਹਾਂ
ਤੇਰੀ ਚੁੱਪ ਚੋਂ
ਉਹ ਸ਼ਬਦ ਸਿਆਣਦਾ ਹਾਂ
ਜੋ ਸਰਿਸ਼ਟੀ ਦਾ ਸਿਰਜਕ ਹੈ
ਕੁੱਲ ਬ੍ਰਹਿਮੰਡਾਂ ਦਾ ਕਾਰੋਬਾਰ ਹੈ
ਜ਼ਿੰਦਗੀ ਤੇ ਮੌਤ ਦਾ ਦਾਰੋਮਦਾਰ ਹੈ

−0−

ਤੇਰੀ ਪੱਥਰ ਦੇਹ ਦਾ
ਜਦ ਮੈਂ ਸਫ਼ਰ ਕਰਦਾ ਹਾਂ
ਜਲ ਦਾ ਰਸ ਹਵਾ ਦਾ ਵੇਗ
ਲੱਗਦਾ ਹਾਂ
ਨਦੀਆਂ ਦਰਿਆਵਾਂ ਸਮੇਂ ਦੀ ਚਾਲ
ਧਰਤ ਦਾ ਘੁੰਮਣਾ
ਅੰਬਰ ਦਾ ਭੌਣਾਂ
ਤਾਰਕਾਮੰਡਲ ਦੀ ਹਰਕਤ
ਬੀਜ ਚੋਂ ਰੁੱਖ ਦੇ ਪੁੰਗਰਨ ਦਾ
ਅਹਿਸਾਸ ਲੱਗਦਾ ਹਾਂ

-0-

ਤੇਰਾ ਪੱਥਰ ਵਜੂਦ
ਮੇਰੇ ਵਿਸ਼ਵਾਸ ਨੂੰ
ਜ਼ਰੇ ਤੋਂ ਪਹਾੜ ਦੇ ਰੂਪ 'ਚ
ਢਾਲਦਾ ਹੈ
ਮੇਰੇ 'ਚ ਦ੍ਰਿੜ੍ਹਤਾ ਤੇ ਸੱਚ ਦੇ
ਸੂਰਜ ਉਤਾਰਦਾ ਹੈ
ਤੂੰ ਮੇਰੀ ਚੇਤਨਾ ਦਾ ਅਕਾਰ ਹੈਂ
ਸੱਚ ਦਾ ਅਧਾਰ ਹੈਂ
ਅਨੁਭਵ ਦਾ ਕ੍ਰਿਸ਼ਮਾ ਹੈਂ

-0-

ਤੇਰੀ ਪੱਥਰ ਤੇਹ
ਚੁੱਪ ਦ੍ਰਿਸ਼ਟੀਹੀਣਤਾ ਤੇ ਭੋਲਾਪਣ
ਮੇਰੇ ਚੋਂ
ਜੀਵਨ ਸੋਮਾ ਬਣ ਕੇ ਫੁੱਟਦੇ ਹਨ

ਮੇਰਾ ਧਿਆਨ
ਤੇਰੇ 'ਚ ਜੋੜਦੇ ਹਨ੍
ਤੇਰੇ ਤੋਂ ਕਦੀ ਵੀ ਨਾ ਅਲੱਗ
ਹੋਣ ਦੀ ਤ੍ਰਿਸ਼ਨਾ ਜਗਾਉਂਦੇ ਹਨ
ਇਸ ਲਈ
ਮੈਂ ਤੈਨੂੰ ਪੂਜਦਾ ਹਾਂ ਧਿਆਉਂਦਾ ਹਾਂ
ਤੇਰੇ ਵਜੂਦ ਚੋਂ
ਆਪਣਾ ਸੱਚ ਜਿਉਂਦਾ ਪਾਉਂਦਾ ਹਾਂ

-0-

ਜੇ ਤੂੰ
ਅੱਖਾਂ ਖੋਲ੍ਹੇਂ ਬੋਲੇਂ ਸੁਣੇਂ
ਤੇ ਤੁਰਨਾ ਸ਼ੁਰੂ ਕਰੇਂ
ਤਾਂ ਹੋ ਸਕਦਾ ਹੈ
ਆਪਣੇ ਦਰਪਣ ਚੋਂ
ਜੋ ਮੈਂ ਤੇਰਾ ਚਿਹਰਾ ਤੱਕਦਾ ਹਾਂ
ਤਿੜਕ ਜਾਏ
ਕਿਉਂਕਿ
ਹੁਣ ਮੇਰਾ ਸੱਚ ਮੈਨੂੰ ਤੇਰੇ ਚੋਂ
ਨਜ਼ਰ ਆਉਂਦਾ ਹੈ
ਜੇ ਤੂੰ ਵੇਖਣਾ, ਬੋਲਣਾ ਸੁਣਨਾ
ਤੇ ਤੁਰਨਾ ਸ਼ੁਰੂ ਕਰੇਂ
ਫ਼ਿਰ ਮੇਰਾ ਸੱਚ ਤੇਰੇ ਚੋਂ ਨਹੀਂ
ਤੇਰਾ ਸੱਚ ਮੇਰੇ ਚੋਂ ਨਜ਼ਰ ਆਵੇਗਾ

ਤੇਰੇ ਚੋਂ ਆਪਣਾ ਸੱਚ ਵੇਖਣ ਦਾ
ਜੋ ਮੇਰਾ ਵਿਸ਼ਵਾਸ ਹੈ
ਉਹ ਤਿੜਕ ਜਾਵੇਗਾ
ਤੂੰ ਮੇਰੇ ਤੋਂ ਅਲੱਗ ਹੋ ਜਾਵੇਂਗਾ
ਮੈਂ ਤੇਰੇ ਚੋਂ ਅਲੋਪ ਹੋ ਜਾਵਾਂਗਾ

-0-

ਤੇਰੀ ਪੱਥਰ ਦੇਹ ਤੇਰੀ ਚੁੱਪ
ਦ੍ਰਿਸ਼ਟੀਹੀਣਤਾ ਤੇ ਭੋਲਾਪਣ
ਮੈਨੂੰ ਤੇਰੇ ਨਾਲ ਜੋੜਦਾ ਹੈ
ਮੈਂ ਜਦ ਵੀ ਤੈਨੂੰ ਬੁਲਾਉਂਦਾ ਹਾਂ
ਤੇਰੇ ਚੋਂ ਆਪ ਬੋਲਦਾ ਨਜ਼ਰ ਆਉਂਦਾ ਹਾਂ
ਜੋ ਮੇਰੇ ਕੰਨਾਂ 'ਚ ਵਿਸ਼ਮਾਦ ਘੋਲਦਾ ਹੈ
ਜੋ ਤੂੰ ਆਪਣੇ ਆਪ ਚੋਂ
ਆਪ ਬੋਲੇਂਗਾ
ਤਾਂ ਸਭ ਕੁੱਝ ਬਿਖ਼ਰ ਜਾਏਗਾ
ਮੇਰਾ ਵਿਸ਼ਵਾਸ ਮੇਰਾ ਦਰਪਣ
ਮੇਰਾ ਸੱਚ ਤਿੜਕ ਜਾਏਗਾ

----

## ਮੈਂ ਤੇ ਮੇਰਾ ਵਰਤਮਾਨ

ਮੇਰੇ ਅਤੀਤ ਤੇ ਭਵਿੱਖ 'ਚ
ਮੇਰਾ ਵਰਤਮਾਨ ਠਹਿਰ ਗਿਆ ਹੈ
ਚੁੱਪ ਉਦਾਸੀਆਂ
ਤੇ ਵੀਰਾਨੀਆਂ 'ਚ ਘਿਰ ਗਿਆ ਹੈ
ਆਪਣੀ ਸਿਰਜਣਾ ਦਾ
ਪਛਚਾਤਾਪ ਕਰਦਾ
ਹਰਿਆਵਲ ਦੀ ਬੁੱਕਲ 'ਚ
ਸੁੱਕ ਗਿਆ ਹੈ

-0-

ਵਰਤਮਾਨ ਚੋਂ ਜਨਮਿਆ ਭਵਿੱਖ
ਆਪਣੇ ਆਪ 'ਚ
ਏਨਾ ਅੱਗੇ ਨਿਕਲ ਗਿਆ ਹੈ
ਕਿ ਵਰਤਮਾਨ ਦੇ ਅੰਗ ਤੇ ਨਕਸ਼ ਤੇ ਚਿਹਰਾ
ਭੁੱਲ ਗਿਆ ਹੈ
ਆਪਣਾ ਘਰ ਕੰਧਾਂ
ਜਿਸ ਨਾਲ ਉਸ ਖੜ੍ਹਨਾ ਸਿੱਖਿਆ ਸੀ
ਵਿਹੜਾ
ਜਿਸ 'ਚ ਉਸ ਰਿੜ੍ਹਨਾ ਤੇ ਤੁਰਨਾ
ਸਿੱਖਿਆ ਸੀ
ਮੈਂ ਵਰਤਮਾਨ ਜੋ ਭਵਿੱਖ ਦਾ ਬਾਪ ਹਾਂ
ਜਿਸਦੀਆਂ ਅੱਖਾਂ ਤੇ ਬਾਹਾਂ ਦੀ ਉਡੀਕ
ਗੋਦ ਦਾ ਨਿੱਘ ਭੁੱਲ ਗਿਆ ਹੈ
ਬਾਪ ਦੀਆਂ ਅੱਖਾਂ ਤੋਂ ਉਹ ਭਵਿੱਖ
ਦੂਰ ਤੁਰ ਗਿਆ ਹੈ

-0-

ਮੇਰੇ ਅਤੀਤ ਤੇ ਭਵਿੱਖ਼ 'ਚ
ਮੇਰਾ ਵਰਤਮਾਨ ਠਹਿਰ ਗਿਆ ਹੈ
ਹੁਣ ਮੈਂ ਆਪਣੇ ਆਪ ਚੋਂ
ਅਤੀਤ ਤੇ ਭਵਿੱਖ ਜਨਮਨਾ
ਹੀ ਨਹੀਂ ਚਾਹੁੰਦਾ
ਸਿਰਫ਼ ਵਰਤਮਾਨ ਹੀ ਜਨਮਨਾ
ਚਾਹੁੰਦਾ ਹਾਂ
ਵਰਤਮਾਨ ਹੀ ਜਿਉਣਾ
ਚਾਹੁੰਦਾ ਹਾਂ
ਵਰਤਮਾਨ ਹੀ ਮਰਨਾ ਚਾਹੁੰਦਾ ਹਾਂ

–0–

ਭੂਤ ਮੇਰੇ ਵਰਤਮਾਨ ਨੂੰ
ਕੰਡ ਦੇ ਕੇ
ਏਨਾ ਦੂਰ ਤੁਰ ਗਿਆ ਹੈ
ਕਿ ਵਰਤਮਾਨ 'ਚ ਪਰਤਣਾ
ਭੁੱਲ ਗਿਆ ਹੈ
ਵਰਤਮਾਨ 'ਚ ਉਜਾੜਾਂ ਪਤਝੱੜਾਂ
ਧਰ ਗਿਆ ਹੈ
ਵਰਤਮਾਨ ਨੂੰ ਖੰਡਰ ਕਰ ਗਿਆ ਹੈ
ਵਰਤਮਾਨ ਦੇ ਸਿਰ ਤੋਂ
ਭੂਤ ਦੀ ਬਜ਼ੁਰਗੀ ਨੇ
ਆਪਣਾ ਹੱਥ ਉਠਾ ਲਿਆ ਹੈ
ਵਰਤਮਾਨ ਤੋਂ ਦੂਰ ਡੇਰਾ ਲਾ
ਲਿਆ ਹੈ
ਕਬਰਾਂ ਨੂੰ ਆਪਣਾ ਘਰ ਬਣਾ ਲਿਆ ਹੈ

–0–

ਵਰਤਮਾਨ ਨੂੰ
ਨਾ ਭਵਿੱਖ ਦੇ ਪਰਤਣ ਦੀ ਆਸ ਹੈ
ਨਾ ਭੂਤ ਦੇ ਮੁੜਣ ਦਾ ਖ਼ਿਆਲ ਹੈ
ਵਰਤਮਾਨ ਇਕੱਲਾ ਹੈ ਉਦਾਸ ਹੈ
ਵਰਤਮਾਨ ਦੇ ਬੁੱਢਾਪੇ 'ਚ
ਨਾ ਭਵਿੱਖ ਨਾ ਭੂਤ ਹੀ
ਵਰਤਮਾਨ ਦੇ ਪਾਸ ਹੈ

-----

## ਅਵਾਜ਼ਾਰ ਮਨੁੱਖ

ਉਹ ਚੌਕਾਂ ਚੌਰਾਹਿਆਂ 'ਚ ਰੁਕਿਆ
ਸੜਕਾਂ ਗਲੀਆਂ 'ਚ ਤੁਰਿਆ
ਲੋਕਾਂ ਦੀਆਂ ਭੀੜਾਂ
ਤੇ ਬਾਜ਼ਾਰਾਂ ਚੋਂ ਗੁਜ਼ਰਿਆ
ਉਸਨੂੰ ਹਰ ਤਰਫ਼
ਆਪਣਾ ਆਪਾ ਹੀ ਨਜ਼ਰ
ਆਇਆ
ਆਪਣੇ ਤੋਂ ਸਿਵਾ
ਉਹ ਹਰ ਇਕ 'ਚ ਸੀ ਸਮਾਇਆ

-0-

ਉਹ ਚੌਕਾਂ ਚੌਰਾਹਿਆਂ 'ਚ ਰੁਕਿਆ
ਚੌਰਾਹਿਆਂ ਦੇ ਸਾਰੇ ਰਾਹ
ਉਸਨੂੰ
ਉਸ ਤੋਂ ਸ਼ੁਰੂ ਹੋ ਕੇ ਉਸ 'ਚ ਹੀ
ਪਰਤਦੇ ਨਜ਼ਰ ਆਏ
ਚੌਰਾਹੇ ਚੋਂ ਕਦਮ ਤੁਰੇ
ਤੇ ਵਾਪਿਸ ਉਸ 'ਚ ਹੀ
ਦਿਸ਼ਾਵਾਂ ਤੇ ਮੰਜ਼ਿਲਾਂ ਲੈ ਆਏ

-0-

ਉਸਨੂੰ ਮਹਿਸੂਸ ਹੋਇਆ
ਉਸ ਚੋਂ ਜ਼ਿੰਦਗੀ ਦਾ ਹਰ ਰਾਹ
ਨਿਕਲਦਾ ਹੈ

ਜਿਸ ਤੇ ਜ਼ਿੰਦਗੀ ਦਾ
ਹਰ ਅੰਗ ਹਰ ਨਕਸ਼
ਹਰ ਚਿਹਰਾ ਤੁਰਦਾ ਹੈ
ਜੋ ਉਸਨੂੰ
ਪੈਰ ਰਾਹ ਮੰਜ਼ਿਲਾਂ ਤੇ ਮੁਸਾਫ਼ਰ
ਸਮਝਦਾ ਹੈ

-0-

ਉਹ ਸੜਕਾਂ ਗਲੀਆਂ 'ਚ ਤੁਰਿਆ
ਉਸਨੂੰ ਜਾਪਿਆ
ਸੜਕਾਂ ਤੇ ਗਲੀਆਂ 'ਚ ਤੁਰਦੇ ਲੋਕ
ਉਸਦੀ ਹੀ ਪ੍ਰਕਰਮਾ ਕਰਦੇ ਹਨ
ਉਸਦੇ ਅੰਦਰ ਹੀ ਆਉਂਦੇ ਜਾਂਦੇ ਹਨ
ਉਸਦੇ ਅੰਦਰੋਂ ਹੀ
ਆਪਣਾ ਸੱਚ ਪਾਉਂਦੇ ਹਨ
ਹਰ ਰਾਹੀ ਦੇ ਮਸਤਕ 'ਚ
ਉਸਦੀ ਜੋਤ ਜਗਦੀ ਹੈ
ਉਸਦੇ ਅੰਦਰ ਤੇ ਬਾਹਰ
ਇਹ ਦੁਨੀਆਂ ਵਸਦੀ ਹੈ
ਉਹ ਇਸ ਦੁਨੀਆਂ ਦਾ ਸੱਚ ਹੈ
ਵਜ਼ੂਦ ਹੈ
ਦੁਨੀਆਂ 'ਚ ਉਹ
ਉਸ 'ਚ ਦੁਨੀਆਂ ਮੌਜੂਦ ਹੈ

-0-

ਉਹ ਜਦ ਸੜਕਾਂ ਗਲੀਆਂ ਚੋਂ
ਨਿਕਲਿਆ
ਉਸਨੂੰ ਜਾਪਿਆ
ਹਰ ਗਲੀ ਹਰ ਸੜਕ
ਉਸਦੀਆਂ ਨਾੜਾਂ ਚੋਂ ਨਿਕਲੀ ਹੈ
ਉਸਦੇ ਦਿਲ 'ਚ ਉਤਰੀ ਹੈ
ਉਸਦੇ ਦਿਲ 'ਚ
ਕੱਚਿਆਂ ਘਰਾਂ ਦੀ ਬਸਤੀ ਹੈ
ਜਿਥੇ ਬਾਲ ਖੇਡਦੇ ਹਨ
ਜਵਾਨੀ ਹੱਸਦੀ ਹੈ
ਬੁਢਾਪੇ ਦੀ ਲੋਅ ਜਗਦੀ ਹੈ
ਅੱਖੀਆਂ 'ਚ ਮੁਹੱਬਤ ਵਸਦੀ ਹੈ
ਆਸ਼ਕਾਂ ਦੇ ਮੇਲੇ ਹਨ
ਮਹਿਬੂਬਾਂ ਦੀ ਬਹਾਰ ਹੈ
ਰੌਣਕਾਂ ਹਨ ਕਲੀਆਂ ਫੁੱਲਾਂ
ਮਹਿਕਾਂ ਦੀ ਗੁਲਜ਼ਾਰ ਹੈ

-0-

ਉਹ ਜਦ ਭੀੜ ਚੋਂ ਗੁਜ਼ਰਿਆ
ਉਸਨੂੰ ਲੱਗਿਆ
ਭੀੜ ਆਪਣੀ ਸ਼ਨਾਖ਼ਤ
ਆਪਣੀ ਪਹਿਚਾਣ ਲਈ ਜੁੜੀ ਹੈ
ਉਹ ਭੀੜ ਦੀ ਸ਼ਨਾਖ਼ਤ ਹੈ
ਭੀੜ ਦੀ ਪਹਿਚਾਣ ਹੈ

ਭੀੜ ਦਾ ਇਕ ਬੋਲ
ਉਸਦੇ ਲਹੂ ਦਾ ਕਤਰਾ ਹੈ
ਭੀੜ ਦਾ ਵਜ਼ੂਦ ਉਸਦਾ ਵਜ਼ੂਦ ਹੈ
ਭੀੜ ਦਾ ਸੱਚ
ਉਸ 'ਚ ਮੌਜ਼ੂਦ ਹੈ
ਉਹ ਭੀੜ ਦਾ ਕਾਰਜ ਕਰਮ
ਤੇ ਪ੍ਰਯੋਜਨ ਹੋ ਗਿਆ
ਆਪਾ ਭੁੱਲ ਗਿਆ
ਭੀੜ ਦੀ ਭੀੜ ਹੋ ਗਿਆ
ਭੀੜ ਦੇ ਪੈਰਾਂ 'ਚ
ਉਸਦੇ ਪੈਰ ਸਨ
ਭੀੜ ਦੇ ਕੰਠ 'ਚ ਉਸਦੀ
ਆਵਾਜ਼ ਸੀ
ਭੀੜ ਦਾ ਉਹ ਸ਼ੋਰ ਸੀ ਸੁਰ ਸੀ
ਸੰਗੀਤ ਸੀ
ਭੀੜ ਦੀਆਂ ਮੰਗਾਂ ਪੂਰਤੀ ਦੀ
ਉਮੀਦ ਸੀ

–0–

ਉਹ ਜਦ ਬਾਜ਼ਾਰ ਚੋਂ ਗੁਜ਼ਰਿਆ
ਉਸ ਵੇਖਿਆ
ਉਹ ਖਰੀਦਾਰ ਵੀ ਆਪ ਸੀ
ਵਿੱਕ ਰਿਹਾ ਵੀ ਆਪ ਸੀ
ਆਪ ਹੀ ਦੁਕਾਨ
ਦੁਕਾਨਦਾਰ ਤੇ ਗਾਹਕ ਸੀ

ਬਾਜ਼ਾਰ ਦੀ ਝਿਲਮਿਲਾਉਂਦੀ
ਰੌਸ਼ਨੀ ਦਾ ਰੂਪ ਸੀ
ਬਾਜ਼ਾਰੀ ਚਹਿਲ ਪਹਿਲ
ਤੇ ਸੁੰਦਰਤਾ ਦਾ ਸਰੂਪ ਸੀ
ਬਾਜ਼ਾਰ ਦਾ ਉਹ ਸਿਲਸਿਲਾ
ਬਾਜ਼ਾਰ ਦਾ ਉਹ ਕਾਰੋਬਾਰ ਸੀ

-0-

ਅੱਜ ਨਾ
ਉਹ ਥੱਕਾ ਨਾ ਉਪਰਾਮ
ਨਾ ਅਵਾਜ਼ਾਰ ਸੀ
ਸਗੋਂ ਪਤਝੜ ਦੀ ਬੁੱਕਲ 'ਚ
ਖਿੜੀ ਬਹਾਰ ਸੀ

-0-

ਉਹ ਜਦ ਆਪਣੇ ਘਰ ਪਰਤਿਆ
ਤਾਂ ਉਸ ਜਾਣਿਆਂ
ਮੁੱਦਤਾਂ ਬਾਅਦ ਉਹ ਆਪ
ਆਪਣੇ ਘਰ ਆਇਆ ਹੈ
ਨਾ ਉਹ ਘਰ ਲਈ ਪਰਾਇਆ ਸੀ
ਨਾ ਉਸ ਲਈ ਘਰ ਪਰਾਇਆ ਸੀ
ਉਹ ਘਰ 'ਚ ਸਮਾਇਆ ਸੀ
ਘਰ ਉਸ 'ਚ ਸਮਾਇਆ ਸੀ
ਉਹ ਆਪਣੇ ਵਿਚਲਾ ਅਵਾਜ਼ਾਰ ਮਨੁੱਖ
ਫੂਕ ਆਇਆ ਸੀ ਸਾੜ ਆਇਆ ਸੀ
ਬਾਜ਼ਾਰਾਂ ਭੀੜਾਂ ਗਲੀਆਂ ਚੌਂਕਾਂ
ਚੌਰਾਹਿਆਂ 'ਚ ਪ੍ਰਵਾਹ ਆਇਆ ਸੀ

-----

## ਨੀਂਦਰ ਦਾ ਸੱਚ

ਮੈਂ ਆਪਣੇ ਆਪ ਨੂੰ
ਜਦ ਗੂੜ੍ਹੀ ਨੀਂਦ 'ਚ ਪਾਉਂਦਾ ਹਾਂ
ਆਪਣੀ ਇਕਾਈ 'ਚ
ਤਕਸੀਮਿਆ ਨਜ਼ਰ ਆਉਂਦਾ ਹਾਂ

-0-

ਦੇਖਦਾ ਹਾਂ
ਪਾਣੀ ਤੇ ਤੁਰ ਰਿਹਾ ਹਾਂ ਮੈਂ
ਹਵਾ 'ਚ ਉੱਡ ਰਿਹਾ ਹਾਂ ਮੈਂ
ਕਦੀ ਤਖ਼ਤ ਤੇ ਬੈਠਾ ਹਾਂ
ਬਾਦਸ਼ਾਹ
ਹਾਂ ਕਦੀ ਦੁਨੀਆਂ ਦਾ
ਰਹਿਨੁਮਾ
ਕਦੀ ਮੰਦਿਰ 'ਚ ਵਸਦਾ ਰੱਬ ਹਾਂ
ਭੂਤ ਹਾਂ ਭਵਿੱਖ ਹਾਂ ਅੱਜ ਹਾਂ
ਦੁਨੀਆਂ ਦਾ ਸਿਰਜਕ ਹਾਂ
ਬ੍ਰਹਿਮੰਡਾਂ ਦਾ ਕਰਤਾ ਹਾਂ
ਸਿਮਰਨ ਸਮਾਧੀ ਹਾਂ ਭਗਤੀ ਹਾਂ
ਦੁਨੀਆਂ ਦੀ ਸ਼ਕਤੀ ਹਾਂ

-0-

ਕਦੀ ਰੇਲ ਗੱਡੀ ਹੇਠ ਆ
ਮੇਰਾ ਬੰਦ ਬੰਦ ਕੱਟਿਆ ਗਿਆ ਹੈ

ਫਿਰ ਜੋੜ ਕੇ ਆਪਾ
ਕੋਠੇ ਤੇ ਕੰਜਰੀ ਬਣ ਨੱਚ
ਰਿਹਾ ਹਾਂ
ਸੜਕਾਂ ਤੇ ਭਿਖਾਰੀ ਵਾਂਗ
ਮੰਗ ਰਿਹਾ ਹਾਂ
ਕਦੀ ਬਚਪਣ 'ਚ ਬੁਢਾਪਾ
ਹੰਢਾ ਰਿਹਾ ਹਾਂ
ਜਵਾਨੀ 'ਚ ਅੱਗ
ਪਾਣੀ ਨੂੰ ਲਾ ਰਿਹਾ ਹਾਂ
ਕਦੀ ਮੰਦਿਰ 'ਚ ਜਗਦਾ ਹਾਂ
ਕਦੀ ਪ੍ਰਵਾਨਾ ਕਦੀ ਸ਼ਮ੍ਹਾ
ਕਦੀ ਖੰਡਰ
ਕਦੀ ਰੌਣਕਾਂ ਦਾ ਦੁਆਰ ਹਾਂ
ਕਦੀ ਬਿੰਦੂ
ਕਦੀ ਦਾਇਰਿਆਂ ਦੇ
ਆਰ ਪਾਰ ਹਾਂ

-0-

ਮੇਰੇ ਸਿਰ ਤੇ ਕਈ ਸਿਰ ਲ਼ੱਗੇ ਹਨ
ਮੇਰੇ ਚਿਹਰੇ ਤੇ
ਕਈ ਅੱਖ੍ਹਾਂ ਹਨ ਕਈ ਪੇਟ ਹਨ
ਕਈ ਹੱਥ ਹਨ
ਕਈ ਪੈਰ ਹਨ ਮੇਰੇ

ਪਰ ਮੈਂ ਤੁਰ ਨਹੀਂ ਸਕਦਾ
ਮੇਰਾ ਅੰਗ ਅੰਗ ਖਿਲਰਿਆ ਹੈ
ਖੇਤਾਂ 'ਚ
ਮੈਂ ਜੁੜ ਨਹੀਂ ਸਕਦਾ
ਕਦੀ ਮੈਂ ਭੀੜ ਦਾ ਵਜ਼ੂਦ ਹਾਂ
ਕਦੀ ਚੁੱਪ ਉਦਾਸੀਆਂ
ਵੀਰਾਨੀਆਂ 'ਚ ਮੌਜੂਦ ਹਾਂ
ਕਦੀ ਕਲੀਆਂ ਫੁੱਲਾਂ ਮੌਸਮਾਂ
ਰੁੱਤਾਂ ਦੀ ਬਹਾਰ ਹਾਂ
ਕਦੀ ਕੰਡਿਆਂ ਦੀ ਢਾਲ ਹਾਂ
ਫੁੱਲਾਂ ਦੀ ਤਲਵਾਰ ਹਾਂ

-0-

ਕਦੀ ਮੈਂ ਖਾ ਰਿਹਾ ਹਾਂ
ਜਿਉਂਦੇ ਮਨੁੱਖਾਂ ਨੂੰ
ਪੁੱਟ ਰਿਹਾ ਹਾਂ ਹਰਿਆਵਲੇ
ਰੁੱਖਾਂ ਨੂੰ
ਮੁਕਾ ਕੇ ਸੁੱਖ ਧਰਤੀ ਦੇ
ਬੀਜਦਾ ਹਾਂ ਦੁੱਖਾਂ ਨੂੰ
ਪੀਂਦਾਂ ਹਾਂ ਲਹੂ
ਜਨਮਦਾ ਹਾਂ ਚੋਰਾਂ ਲੁਟੇਰਿਆਂ ਨੂੰ
ਕਰਦਾ ਹਾਂ ਸੂਰਜ
ਅੰਬਰੋਂ ਚੋਰੀ
ਧਰਤੀ ਤੇ ਉੱਗਾਉਂਦਾ ਹਾਂ ਹਨ੍ਹੇਰਿਆਂ ਨੂੰ

ਬੀਜਦਾਂ ਅੱਗ
ਸਾੜਦਾ ਹਾਂ ਅਨਾਜ ਦੇ ਖੇਤਾਂ ਨੂੰ
ਰਾਖ਼ ਕਰਦਾ ਹਾਂ ਜੰਗਲਾਂ ਨੂੰ
ਅੱਗ ਸਾਗਰਾਂ 'ਚ ਧਰਦਾ ਹਾਂ

-0-

ਕਦੀ
ਤੱਬਲਾ ਝਾਂਜਰ ਰਖੇਲ ਹਾਂ
ਕਦੀ
ਦਿਸਹੱਦਿਆਂ ਤੇ
ਧਰਤੀ ਅੰਬਰ ਦਾ ਮੇਲ ਹਾਂ
ਕਦੀ ਭੂਤ ਭਰੇਤ ਕਦੀ ਚੁੜੇਲ ਹਾਂ
ਕਦੀ ਪਰੀਆਂ ਕਦੀ ਦੇਵਤੇ
ਸੱਚ ਸੁੰਦਰਤਾ ਦਾ ਮੇਲ ਹਾਂ

-0-

ਮੈਂ ਆਪਣੇ ਆਪ ਨੂੰ
ਜਦ ਗੂੜ੍ਹੀ ਨੀਂਦਰ 'ਚ ਪਾਉਂਦਾ ਹਾਂ
ਮੈਂ ਆਪਣੇ ਸੱਚ 'ਚ
ਤਕਸੀਮਿਆਂ ਨਜ਼ਰ ਆਉਂਦਾ ਹਾਂ
ਦਿੱਸ ਅਦਿੱਸ ਰੂਪ ਧਾਰਦਾ ਹਾਂ
ਆਪਣਾ ਸਮੁੰਦਰ
ਬੂੰਦ 'ਚ ਉਤਾਰਦਾ ਹਾਂ
ਨੀਂਦਰ 'ਚ ਮੇਰਾ ਅਸਲ ਸੱਚ
ਨਜ਼ਰ ਆਉਂਦਾ ਹੈ

ਮੇਰੀ ਹੈਵਾਨੀਅਤ ਦਰਿੰਦਗੀ
ਕਰੂਪਤਾ ਵਿਖਾਉਂਦਾ ਹੈ
ਮੈਂ ਹੈਵਾਨ ਚੋਂ ਇਨਸਾਨ
ਇਨਸਾਨ ਚੋਂ ਹੈਵਾਨ
ਨਜ਼ਰ ਆਉਂਦਾ ਹਾਂ

-0-

ਮੈਂ ਜਦੋਂ ਜਾਗਦਾ ਹੁੰਦਾ
ਆਪਣਾ ਅਸਲ ਸੱਚ
ਜੋ ਨੀਂਦਰ 'ਚ ਨਜ਼ਰ ਆਉਂਦਾ ਹੈ
ਛੁੱਪਾ ਲੈਂਦਾ ਹਾਂ
ਆਪਣੀ ਹੈਵਾਨੀਅਤ ਤੇ
ਇਨਸਾਨੀਅਤ ਦਾ ਖੋਲ ਚੜ੍ਹਾ
ਲੈਂਦਾ ਹਾਂ
ਆਪਣੇ ਆਪ ਤੋਂ ਵੀ
ਆਪਣਾ ਸੱਚ ਛੁੱਪਾ ਲੈਂਦਾ ਹਾਂ

-0-

ਮੈਂ ਏਨਾ ਕਮਜ਼ੋਰ ਹਾਂ
ਕਿ ਅਸਲ ਨੀਂਦਰ ਦਾ ਸੱਚ
ਜਾਗਦੇ ਵਿਖਾ ਨਹੀਂ ਸਕਦਾ
ਆਪਣੇ ਸੱਚ ਦੇ ਸਾਵੇਂ ਆ ਨਹੀਂ ਸਕਦਾ
ਸੱਚ ਨਾਲ ਨਜ਼ਰਾਂ ਮਿਲਾ ਨਹੀਂ ਸਕਦਾ
ਨੀਂਦਰ ਦੀ ਅਸੁਰਤੀ 'ਚ
ਮੇਰਾ ਸੱਚ ਮੇਰੇ ਸਾਵੇਂ ਆਉਂਦਾ ਹੈ
ਮੈਨੂੰ ਮੇਰਾ ਚਿਹਰਾ ਵਿਖਾਉਂਦਾ ਹੈ

----

## ਕੱਟਿਆ ਸਿਰ

ਇਹ ਜੋ ਯੁੱਧ
ਮੈਂ ਲੜ ਰਿਹਾ ਹਾਂ ਮੇਰਾ ਨਹੀਂ
ਇਹ ਲੜਾਈ
ਇਹ ਫ਼ਤਹਿ ਇਹ ਸ਼ਿਕੱਸਤ
ਵੀ ਮੇਰੀ ਨਹੀਂ

-0-

ਮੈਂ ਤਾਂ ਸਿਰਫ਼ ਜਿਉਣਾ
ਚਾਹੁੰਦਾ ਹਾਂ
ਇਸ ਜਿਉਣ ਲਈ
ਜੋ ਕੁੱਝ ਵੀ ਮੇਰਾ ਨਹੀਂ
ਉਹ ਮੇਰੇ ਜਿਉਣ ਦਾ ਦੁਆਲਾ ਹੈ

-0-

ਜੋ ਮੇਰਾ ਹੈ
ਉਹ ਮੇਰੇ ਜਿਉਣ ਦਾ ਸਹਾਰਾ ਹੈ
ਜੋ ਮੇਰਾ ਨਹੀਂ
ਜਿਉਣ ਲਈ
ਉਸ ਚੋਂ ਮੈਨੂੰ ਗੁਜ਼ਰਨਾ ਪਵੇਗਾ
ਉਹ ਮੈਨੂੰ ਸ਼ਿਕੱਸਤ ਦਿੰਦਾ ਹੈ
ਜਾਂ
ਮੈਂ ਉਸਨੂੰ ਸ਼ਿਕੱਸਤ ਦਿੰਦਾ ਹਾਂ
ਇਹ ਫੈਸਲਾ ਮੇਰਾ ਬਿੰਦੂ
ਉਸਦਾ ਦਾਇਰਾ ਕਰੇਗਾ

-0-

ਉਸਦੀ ਹੋਂਦ
ਜੋ ਮੇਰੀ ਹੋਂਦ ਦੇ ਦੁਆਲੇ ਹੈ
ਉਸਨੇ
ਆਪਣੀ ਹੋਂਦ ਕਾਇਮ ਰੱਖਣ ਲਈ
ਮੈਦਾਨੇ ਜੰਗ 'ਚ ਉਤਰਨਾ ਹੈ
ਮੈਂ ਆਪਣੀ ਹੋਂਦ ਦਾ ਸੱਚ
ਪਾਉਣ ਲਈ
ਉਸਦੀ ਹੋਂਦ ਚੋਂ ਗੁਜ਼ਰਨਾ ਹੈ

-0-

ਮੈਂ ਉਸ ਚੋਂ ਜਦ ਗੁਜ਼ਰਿਆ
ਉਸ ਮੇਰਾ ਸਿਰ
ਕਲਮ ਕਰ ਦਿੱਤਾ
ਕਿਉਂਕਿ
ਉਸਦਾ ਦਾਇਰਾ
ਮੇਰੇ ਬਿੰਦੂ ਦੁਆਲੇ ਸੀ
ਮੇਰਾ ਬਿੰਦੂ ਇਕ ਦੀਵਾ ਸੀ
ਉਸਦੇ ਦਾਇਰੇ ਨੇ
ਆਪਣੇ 'ਚ ਕਈ ਸੂਰਜ
ਉਤਾਰੇ ਸਨ

-0-

ਮੇਰਾ ਕੱਟਿਆ ਸਿਰ
ਮੇਰੇ ਬਿੰਦੂ ਨੇ ਤਲੀ ਤੇ ਉਠਾ ਲ਼ਿਆ

ਜੰਗ ਜਾਰੀ ਰਿਹਾ
ਮੇਰੇ ਬਿੰਦੂ ਨੇ
ਆਪਣੀ ਹੋਂਦ ਦਾ ਸੱਚ ਪਾਉਣ ਲਈ
ਮੇਰੇ ਧੜ ਵਾਂਗ
ਸਿਰ ਦੇ ਕੱਟ ਜਾਣ ਦਾ ਸੱਚ ਅਪਣਾ ਲਿਆ
ਬਿੰਦੂ ਮੇਰਾ
ਸਿਰ ਆਪਣੀ ਤ੍ਰਲੀ ਤੇ ਧਰ
ਓਨੀ ਦੇਰ ਤਕ ਲੜਦਾ ਰਿਹਾ
ਜਦ ਤੱਕ ਮੇਰੀ ਹੋਂਦ ਦਾ
ਉਸ ਸੱਚ ਨਾ ਪਾ ਲਿਆ
ਮੇਰੇ ਕੱਟੇ ਸਿਰ ਨੂੰ
ਬਿੰਦੂ ਨੇ ਨਾ ਸੂਰਜ ਵਿਖਾ ਲਿਆ

----

## ਉਹ ਮਰਿਆ ਨਹੀਂ

ਉਹ ਮਰਿਆ ਨਹੀਂ
ਮਰਨ ਲਈ
ਉਹ ਮਰਿਆ ਹੈ ਜੀਣ ਲਈ
ਉਸਨੂੰ ਮੌਤ ਨੇ ਨਹੀਂ
ਜੀਵਨ ਨੇ ਮਾਰਿਆ
ਜੀਵਨ ਨੇ ਉਸਦੀ ਦੇਹ 'ਚ
ਕਬਰਾਂ ਨੂੰ ਉਤਾਰਿਆ

–0–

ਉਹ ਮੌਤ ਚੋਂ
ਜੀਵਨ ਹੰਢਾਏਗਾ
ਜਿਵੇਂ ਬੇਜਾਨ ਬੀਜ
ਮਿੱਟੀ ਦੀ ਬੁੱਕਲ ਮਾਰਦਾ ਹੈ
ਆਪਣੇ ਚੋਂ ਰੁੱਖ ਉਸਾਰਦਾ ਹੈ
ਇਸੇ ਤਰ੍ਹਾਂ
ਉਸਦੀ ਮੌਤ ਦਾ ਬੀਜ
ਕਬਰ ਦੀ ਮਿੱਟੀ ਹੰਢਾਏਗਾ
ਤੇ ਮੌਤ ਦੇ ਬੀਜ 'ਚ
ਜੀਵਨ ਦਾ ਰੁੱਖ ਬਣ
ਉੱਗ ਆਏਗਾ

–0–

ਮਰਨ ਤੋਂ ਪਹਿਲਾਂ
ਉਸਦਾ ਸੁਫ਼ਨਾ ਸੀ
ਉਹ ਸੂਰਜ ਦੀ ਉਮਰ ਦਾ ਹੋਵੇ
ਧਰਤ ਦੀ ਸੁਗੰਧ ਤਕ ਜੀਵੇ
ਆਕਾਸ਼ ਦੇ ਸ਼ਬਦ ਦਾ
ਰੱਸ ਪੀਵੇ
ਪਰ
ਉਹ ਆਪਣੇ ਆਪ 'ਚ
ਏਨਾ ਸੁੰਘੜ ਗਿਆ
ਕਿ ਆਪਣੇ
ਆਪ ਨੂੰ ਲੱਭਣ ਲਈ
ਉਸਨੂੰ ਸੂਰਜ ਅੱਖ 'ਚ
ਧਰਨਾ ਪਿਆ
ਸਿਰ ਤੋਂ ਪੈਰਾਂ ਤੱਕ ਬਲਣਾ ਪਿਆ
ਜਿਉਂਦੇ ਜੀਅ ਰਾਖ਼ ਹੋ ਗਿਆ
ਆਪਾ ਮਿਟਾ ਗਿਆ
ਆਪਣਾ ਸੱਚ ਪਾ ਗਿਆ

-0-

ਦੁਨੀਆਂ ਦਾ ਨਕਲੀ ਚਿਹਰਾ
ਫ਼ਰੇਬੀ ਅੱਖ੍ਹਾਂ ਝੂਠੀ ਜ਼ੁਬਾਨ
ਨਫ਼ਰਤ ਤੇ ਈਰਖ਼ਾ
ਜਨਮਦੀ ਕੁੱਖ

ਜ਼ਹਿਰੀਲਾ ਜਲ
ਮੈਲੀ ਹਵਾ ਸੀਤ ਅੱਗ
ਤਿੜਕੀ ਧਰਤੀ
ਪੁਰਜਾ ਪੁਰਜਾ ਆਸਮਾਨ
ਉਸਨੂੰ ਰਾਸ ਨਾ ਆਏ
ਤੇ
ਉਸਦੇ ਪ੍ਰਾਣਾਂ 'ਚ
ਜ਼ਿੰਦਗੀ ਨੇ ਮੌਤ ਘੋਲ ਦਿੱਤੀ

-0-

ਉਹ ਆਪਣੇ ਆਪ 'ਚ
ਏਨਾ ਸੁੰਘੜ ਗਿਆ
ਆਪਣੇ ਆਪ 'ਚ
ਏਨਾ ਉਤਰ ਗਿਆ
ਕਿ ਦੇਹ ਤੋਂ ਪ੍ਰਾਣਾਂ ਦੀ ਮੌਖਾਜ਼ੀ
ਤਿਆਗ
ਆਪਣੇ ਸੱਚ ਦੀ ਕੁੱਖ 'ਚ
ਪਰਤ ਗਿਆ
ਸੁਤੰਤਰ ਜੀਵਨ ਜਿਉਣ ਲਈ

-0-

ਉਹ ਮਰਿਆ ਨਹੀਂ ਸੀ
ਮਰਨ ਲਈ
ਉਹ ਮਰਿਆ ਹੈ ਜਿਉਣ ਲਈ

----

# ਖ਼ਾਮੋਸ਼ੀ

ਸ਼ਹਿਰ ਦਾ ਚੀਕ ਚਿਹਾੜਾ ਹੈ
ਗਲੀਆਂ ਸੜਕਾਂ ਬਾਜ਼ਾਰਾਂ ਦਾ ਸ਼ੋਰ
ਸ਼ੋਰ ਹੀ ਸ਼ੋਰ
ਸ਼ੋਰ ਵਿਕਦਾ ਹੈ
ਸ਼ੋਰ ਖਰੀਦਿਆ ਜਾਂਦਾ ਹੈ
ਬੀਜਿਆ ਤੇ ਉੱਗਾਇਆ ਜਾਂਦਾ ਹੈ
ਰਾਤ ਦਿਨ ਦਾ ਸ਼ੋਰ
ਹਵਾ ਜਲ ਦਾ ਸ਼ੋਰ
ਬਾਹਰ ਅੰਦਰ ਧਰਤ ਆਸਮਾਨ
ਖਲਾਅ ਦਾ ਸ਼ੋਰ
ਸਾਰੀ ਕਾਇਨਾਤ ਸ਼ੋਰ ਹੈ
ਇਹ ਸ਼ੋਰ ਦਾ ਸਮਾਂ ਹੈ
ਸ਼ੋਰ ਦਾ ਦੌਰ ਹੈ

–0–

ਸ਼ਬਦ ਅਰਥ ਦਾ ਸ਼ੋਰ
ਮੰਦਿਰ ਮਸੀਤ ਦਾ ਸ਼ੋਰ
ਦੁਸ਼ਮਣੀ ਪ੍ਰੀਤ ਦਾ ਸ਼ੋਰ
ਦੁਨੀਆਂ
ਆਪਣੀ ਚੁੱਪ ਦੀ ਸੁਰ ਖੋਹ ਗਈ ਹੈ
ਸਾਰੀ ਦੀ ਸਾਰੀ ਸ਼ੋਰ ਹੋ ਗਈ ਹੈ

ਇਸ ਸ਼ੋਰ ਵਿਚ
ਉਹ ਕਿਵੇਂ ਜੀਅ ਸਕਦਾ ਸੀ
ਕਿਵੇਂ ਆਪਣੇ ਆਪ ਨੂੰ
ਸੁਣ ਸਕਦਾ ਸੀ
ਕਿਵੇਂ ਆਪਣੇ ਆਪ ਨਾਲ
ਬੋਲ ਸਕਦਾ ਸੀ
ਕਿਵੇਂ ਸ਼ਬਦ ਅਰਥ ਤੇ
ਆਵਾਜ਼ ਪਹਿਚਾਣ ਸਕਦਾ ਸੀ

-0-

ਉਹ ਸਭ ਕੁੱਝ ਤਿਆਗ਼ ਕੇ
ਇਕ ਚੁੱਪ ਖ਼ਾਮੋਸ਼ ਇਕਾਂਤ 'ਚ
ਜਾ ਬੈਠਾ
ਜਿੱਥੇ ਉਹ ਆਪਣੇ ਆਪ 'ਚ
ਗੁਆਚੀ ਚੁੱਪ ਨੂੰ ਸੁਣਨਾ ਚਾਹੁੰਦਾ ਸੀ
ਖ਼ਾਮੋਸ਼ੀ ਨੂੰ ਵੇਖਣਾ ਚਾਹੁੰਦਾ ਸੀ
ਸੁਰ ਅਲਾਪ ਜ਼ਿੰਦਗੀ ਦੀ ਧੁੰਨ 'ਚ
ਉਤਰਨਾ ਚਾਹੁੰਦਾ ਸੀ
ਆਪਣੇ ਲਹੂ ਦੀ ਗਤੀ
ਦਿਲ ਦੀ ਧੜਕਣ ਦੀ ਸ਼ਨਾਖ਼ਤ
ਕਰਨਾ ਚਾਹੁੰਦਾ ਸੀ
ਆਪਣੇ ਪੈਰਾਂ ਦੀ ਆਹਟ
ਆਪਣੀਆਂ ਪਲਕਾਂ ਦੀ ਝਪਕਣ
ਮਹਿਸੂਸ ਕਰਨਾ ਚਾਹੁੰਦਾ ਸੀ

-0-

ਉਹ ਚੁੱਪ ਖ਼ਾਮੋਸ਼ੀ ਤੇ ਇਕਾਂਤ 'ਚ
ਤਾਂ ਜਾ ਬੈਠਾ
ਪਰ ਨਾ ਉਥੇ ਚੁੱਪ ਸੀ ਨਾ ਖ਼ਾਮੋਸ਼ੀ
ਨਾ ਇਕਾਂਤ ਸੀ
ਸੁੰਨ ਸੀ ਠੰਡ ਸੀ ਸੀਤ ਸੀ
ਸੂਰਜ ਜੰਮ ਗਿਆ ਸੀ
ਸਰਦੀ 'ਚ ਕਾਇਨਾਤ ਦਾ ਸਾਹ
ਥੰਮ ਗਿਆ ਸੀ

-0-

ਉਸਨੇ ਵੇਖਿਆ
ਮਿੱਟੀ ਦੀ ਢੇਰੀ 'ਚ
ਇਕ ਸੁੱਕਾ ਰੁੱਖ ਸੀ
ਉਸ ਸੋਚਿਆ
ਇਸ ਰੁੱਖ ਨੂੰ ਬਾਲਦੇ ਹਾਂ
ਨਿੱਘ ਲੈਂਦੇ ਹਾਂ
ਠੰਡ ਉਤਾਰਦੇ ਹਾਂ
ਫਿਰ ਖ਼ਾਮੋਸ਼ੀ ਭਾਲਦੇ ਹਾਂ

-0-

ਉਸਨੇ
ਜਦ ਰੁੱਖ ਦੇ ਸੁੱਕੇ ਟਾਹਣੇ ਤੇ
ਕੁਹਾੜਾ ਮਾਰਿਆ

ਮਿੱਟੀ ਦੇ ਢੇਰ ਚੋਂ
ਰੁੱਖ ਕੁਰਲਾਇਆ ਤੇ
ਪੁਕਾਰਿਆ
ਖ਼ਾਮੋਸ਼ੀ ਤੂੰ ਸ਼ੋਰ ਦੀ ਚੁੱਪ
ਤੂੰ ਬੋਲ ਦੀ ਇਕਾਂਤ
ਤੂੰ ਰੌਣਕ ਦੀ ਤਲਾਸ਼ 'ਚ
ਨਿਕਲੀ ਸੈਂ
ਪਰਤ ਆਈ ਹੈਂ

----

## ਮੰਡੀ

ਇਹ ਮੰਡੀ ਹੈ
ਬੱਚਿਆਂ ਦੀ ਔਰਤਾਂ ਦੀ
ਬਜ਼ੁਰਗਾਂ ਦੀ
ਜਾਨਵਰਾਂ ਦੇ ਮਾਸ ਤੋਂ ਵੀ
ਸਸਤੇ ਵਿੱਕਦੇ ਪੁਰਸ਼ਾਂ ਦੀ

-0-

ਇਸ ਮੰਡੀ 'ਚ
ਵੱਖ ਵੱਖ ਰੰਗ ਨਸਲ ਜਾਤ
ਦੇ ਬੱਚੇ ਵਿਕਾਊ ਹਨ
ਖ਼ਰੀਦਦਾਰੋ ਆਓ
ਇਨ੍ਹਾਂ ਮਸੂਮ ਚਿਹਰਿਆਂ ਨੂੰ ਤੱਕੋ
ਇਨ੍ਹਾਂ ਦੀਆਂ
ਅੱਖੀਆਂ 'ਚ ਉਤਰੋ
ਇਨ੍ਹਾਂ ਦੀਆਂ ਮੁਸਕਾਨਾਂ ਵੇਖੋ
ਇਹ 50 ਪ੍ਰਤੀਸ਼ਤ ਆਫ ਹਨ
ਖ਼ਰੀਦੋ ਤੇ ਘਰ ਲੈ ਜਾਓ
ਇਹ ਤੁਹਾਡੇ ਵਿਹੜਿਆਂ 'ਚ
ਹਾਸੇ ਖਿਲਾਰਨਗੇ
ਕਿਲਕਾਰੀਆਂ ਮਾਰਨਗੇ
ਤੁਹਾਡਾ ਵੰਸ਼ ਵਧਾਉਣਗੇ
ਪਤੀ ਪਤਨੀ ਨੂੰ
ਮਾਂ ਪਿਓ ਬਣਾਉਣਗੇ

-0-

ਇਹ ਹਰਾਮ ਦੇ ਬੱਚੇ ਨਹੀਂ
ਮਾਂ ਬਾਪ ਦੀ ਔਲਾਦ ਹਨ

ਇਨ੍ਹਾਂ ਨੂੰ ਜੰਮਕੇ ਮਾਂ ਬਾਪ
ਸੜਕਾਂ ਤੇ ਧਰ ਗਏ
ਕਿਉਂਕਿ
ਉਹਨਾਂ ਦਾ ਘਰ ਨਹੀਂ ਸੀ ਚਲਦਾ
ਘਰ ਦਾ ਚੁੱਲ੍ਹਾ ਨਹੀਂ ਸੀ ਬਲਦਾ

-0-

ਇਹ ਬੱਚੀਆਂ ਨੇ
ਇਨ੍ਹਾਂ ਦੇ ਨੈਣ ਨਕਸ਼ ਤੇ ਅੰਗ ਦੇਖੋ
ਸਡੋਲ ਜੁੱਸੇ ਤੇ ਰੰਗ ਦੇਖੋ
ਆਓ ਤੇ ਖਰੀਦੋ
ਇਹ 60 ਪ੍ਰਤੀਸ਼ਤ ਆਫ ਹਨ
ਮਿੱਟੀ ਦੇ ਭਾਅ ਤੋਂ ਵੀ ਸਸਤੀਆਂ
ਖਰੀਦੋ ਘਰ ਲੈ ਜਾਓ
ਮਾਂ ਧੀ ਜਾਂ ਪਤਨੀ ਬਣਾਓ
ਇਹ ਤੁਹਾਡੀ ਇਮਾਨਤ ਹਨ
ਜਿਵੇਂ ਜੀਅ ਚਾਹੇ
ਹੱਥੀਂ ਸਜਾਓ
ਇਹ ਮਾਂ ਬਾਪ ਦੀ ਕੁੱਖ ਚੋਂ
ਵਾਰ ਵਾਰ ਜਨਮਦੀਆਂ ਸਨ
ਮਾਂ ਬਾਪ ਨੂੰ
ਆਪਣੇ ਆਪ ਤੇ ਬੋਝ ਲੱਗਦੀਆਂ ਸਨ
ਮੰਡੀ 'ਚ ਮਾਂ ਬਾਪ ਨੇ
ਇਨ੍ਹਾਂ ਦੀ ਬੋਲੀ ਲਾਈ ਹੈ
ਆਪਣੀ ਚਿੰਤਾ ਮਿਟਾਈ ਹੈ

-0-

ਇਹ ਜੁਆਨ ਔਰਤਾਂ ਹਨ
ਇਨ੍ਹਾਂ ਦਾ ਰੂਪ ਤੱਕੋ
ਹੁਸਨ ਤੇ ਮਿਜ਼ਾਜ਼ ਤੱਕੋ
ਇਨ੍ਹਾਂ ਦੇ ਜਿਸਮ ਦੀ
ਖ਼ੁਸ਼ਬੂ ਸੁੰਘੋ
ਇਨ੍ਹਾਂ ਦੇ ਅੰਗਾਂ ਦੀਆਂ
ਗੋਲਾਈਆਂ ਦੇ ਆਕਾਰ ਵੇਖੋ
ਪਰਖੋ ਚੱਖੋ ਤੇ ਹੰਢਾਓ
ਚੱਖਣ ਤੇ ਹੰਢਾਉਣ ਦਾ ਕੋਈ
ਮੁੱਲ ਨਹੀਂ
ਇਹ ਕੱਖਾਂ ਤੋਂ ਵੀ ਸਸਤੀਆਂ
ਪਰੀਆਂ
ਇਕ ਵਾਰ ਨਹੀਂ
ਵਾਰ ਵਾਰ ਤੱਕੋ
ਖਰੀਦੋ
ਰਖੇਲ ਬਣਾਓ ਕੋਠਿਆਂ ਤੇ
ਬਿਠਾਓ
ਜਾਂ ਆਪਣੀ ਹੱਵਸ ਲਈ
ਬਿਸਤਰ ਤੇ ਵਿਛਾਓ
ਜਾਂ ਵੇਚ ਦੇ ਮੁਨਾਫ਼ਾ ਕਮਾਓ
ਇਹ ਤੁਹਾਡੀ ਜਾਇਦਾਦ ਹੈ
ਜਿਵੇਂ ਜੀਅ ਚਾਹੇ ਰੱਖੋ ਖੱਟੋ ਕਮਾਓ
ਇਹ 70 ਪ੍ਰਤੀਸ਼ਤ ਆਫ ਹਨ
ਇਕ ਦੀ ਥਾਂ ਦੋ ਲੈ ਜਾਓ
ਗਰੰਟੀ ਹੈ ਨਾ ਘਬਰਾਓ

-0-

ਇਹ ਬਜ਼ੁਰਗ ਹਨ
ਜੋ ਆਪਣੀ ਔਲਾਦ ਤੇ ਬੋਝ ਹਨ
ਰੋਟੀ ਕਪੜੇ ਤੋਂ ਮੌਥਾਜ਼ ਹਨ
ਇਕ ਜਨਮੇ ਝੂਠ ਦੀ
ਸੱਚੀ ਆਵਾਜ਼ ਹਨ
ਇਨ੍ਹਾਂ ਦਾ ਕੋਈ ਮੁੱਲ ਨਹੀਂ
ਇਹ ਮੁਫ਼ਤ ਲੈ ਜਾਓ
ਇਹ ਵਿਕਰੀ ਲਈ
ਗਾਹਕਾਂ ਦਾ ਆਕਰਸ਼ ਹਨ
ਇਹ ਤੁਹਾਡੇ ਬੱਚਿਆਂ ਦੀ ਸੰਭਾਲ
ਘਰਾਂ ਦੀ ਰਾਖ਼ੀ ਕਰਨਗੇ
ਕੁੱਤੇ ਬਿੱਲੇ ਨੂੰ
ਘਰ 'ਚ ਦਾਖ਼ਲ ਹੋਣ ਤੋਂ ਰੋਕਣਗੇ
ਜੇ ਬੂਹੇ ਤੇ ਬੰਨ੍ਹੋਗੇ
ਤਾਂ ਆਉਂਦੇ ਜਾਂਦੇ ਦਾ ਨਾਂ
ਲੈ ਲੈ ਕੇ ਭੌਂਕਣਗੇ

-0-

ਇਹ ਮੰਡੀ ਹੈ
ਬੱਚਿਆਂ ਦੀ ਔਰਤਾਂ ਦੀ
ਬਜ਼ੁਰਗਾਂ ਦੀ
ਜਾਨਵਰਾਂ ਦੇ ਮਾਸ ਤੋਂ ਵੀ ਸਸਤੇ
ਵਿੱਕਦੇ ਪੁਰਸ਼ਾਂ ਦੀ

-----

## ਮੇਰੀ ਨਫ਼ਰਤ

ਜੇ
ਮੈਂ ਤੇਰੇ ਨਾਲ ਨਫ਼ਰਤ ਕਰਾਂਗਾ
ਤਾਂ ਆਪਣੇ ਅੰਦਰਲੀ ਨਫ਼ਰਤ
ਉਖਾੜਕੇ ਬਾਹਰ ਧਰਾਂਗਾ
ਜਦ ਮੇਰਾ ਅੰਦਰ
ਨਫ਼ਰਤ ਤੋਂ ਖ਼ਾਲੀ ਹੋ ਗਿਆ
ਫਿਰ ਮੈਂ
ਤੇਰੇ ਨੈਣਾਂ ਦੇ ਸਮੁੰਦਰ ਤਰਾਂਗਾ
ਤੇ ਆਪਣਾ ਅੰਦਰ
ਤੇਰੀ ਮੁਹੱਬਤ ਨਾਲ ਭਰਾਂਗਾ

-0-

ਮੈਂ ਜਿੰਨੀਆਂ
ਆਪਣੀ ਨਫ਼ਰਤ ਨਾਲ
ਰੁੱਖਾਂ ਦੀਆਂ ਛਾਵਾਂ ਜਲਾਵਾਂਗਾ
ਓਨਾ ਹੀ
ਤੇਰੇ ਨੈਣਾਂ ਦੇ ਪਿਆਰੇ ਸਮੁੰਦਰ 'ਚ
ਉਤਰ ਜਾਵਾਂਗਾ

-0-

ਮੈਂ ਆਪਣੀ ਨਫ਼ਰਤ ਦੇ ਆਕਾਰ ਜਿੱਡਾ
ਪਿਆਰ ਦਾ ਜੰਗਲ ਉੱਗਾਉਣਾ ਹੈ
ਆਪਣੀ ਨਫ਼ਰਤ ਦਾ ਪਿੰਡਾ ਤਰਾਂਗਾ
ਜੰਗਲ ਦੇ ਹਰ ਪੱਤੇ ਤੇ ਤੇਰੀ ਜ਼ਬਾਨ
ਆਪਣੀ ਨਫ਼ਰਤ ਧਰਾਂਗਾ

ਕਿ ਪਿਆਰ ਦੇ ਅਰਥ
ਏਨੇ ਡੂੰਘੇ ਹੋ ਜਾਣ
ਤੇਰੀ ਜ਼ਬਾਨ ਤੋਂ ਨਿਕਲੇ
ਬੋਲ ਗੂੰਗੇ ਹੋ ਜਾਣ

-0-

ਪਿਆਰ ਲਫ਼ਜ਼ਾਂ ਦਾ
ਵਜੂਦ ਓੜਕੇ
ਆਪਣੀ ਵਿਸ਼ਾਲਤਾ ਦੀ ਸੂਲੀ
ਨਾ ਚੜ੍ਹ ਜਾਏ
ਨਫ਼ਰਤ ਪਿਆਰ 'ਚ ਬਦਲਦੀ ਰਹੇ
ਪਿਆਰ ਨਫ਼ਰਤ 'ਚ
ਨਾ ਢਲ ਜਾਏ

-0-

ਤੂੰ ਜਦ ਵੀ ਮੈਨੂੰ ਯਾਦ ਕਰੇਂ
ਮੇਰੀ ਨਫ਼ਰਤ ਨੂੰ ਯਾਦ ਕਰੀਂ
ਮੈਂ ਪ੍ਰਗਟ ਹੋ ਜਾਵਾਂਗਾ
ਮੈਂ ਆਪਣੀ ਨਫ਼ਰਤ ਦੇ ਸਾਜ਼ ਤੇ
ਪਿਆਰ ਦੀ ਧੁੰਨ ਵਜਾਵਾਂਗਾ
ਕਿਉਂਕਿ
ਮੈਂ ਨਫ਼ਰਤ ਚੋਂ ਤੇਰਾ ਪਿਆਰ
ਪਾਇਆ ਹੈ
ਆਪਾ ਬੀਜ ਕੇ ਤੇਰੇ 'ਚ
ਇਹ ਰੁੱਖ ਉੱਗਾਇਆ ਹੈ

ਜੋ ਨਫ਼ਰਤ ਸੀਕਦਾ ਹੈ
ਪਿਆਰ ਵੰਡਦਾ ਹੈ

-0-

ਪਿਆਰ ਦੀ ਕੰਡ
ਨਫ਼ਰਤ ਕਹਾਉਂਦੀ ਹੈ
ਪਿਆਰ ਦਾ ਮੁਖ
ਮਰ ਗਈ ਨਫ਼ਰਤ ਚੋਂ
ਉੱਗਿਆ ਚੰਬਾ ਨਜ਼ਰ ਆਉਂਦਾ ਹੈ
ਜਿਸਦਾ ਚਿਹਰਾ ਪਿਆਰ ਹੈ
ਵਜ਼ੂਦ ਪਿਆਰ ਹੈ
ਜਿਸਦੀ ਖ਼ੁਸ਼ਬੂ 'ਚ ਮੌਜ਼ੂਦ ਪਿਆਰ ਹੈ

----

## ਭਰਿਆ ਬਜ਼ਾਰ

ਭਰਿਆ ਬਜ਼ਾਰ ਤੱਕਿਆ
ਤਾਂ
ਘਰ ਦੇ ਖ਼ਾਲੀਪਣ ਦਾ
ਅਹਿਸਾਸ ਮਰ ਗਿਆ
ਘਰ ਅੰਦਰੋਂ ਬਾਹਰੋਂ
ਰਿਜ਼ਕ ਨਾਲ ਭਰ ਗਿਆ
ਤੰਗੀਆਂ ਤੁਰਸ਼ੀਆਂ
ਬਨਵਾਸੀ ਹੋ ਗਈਆਂ
ਚੁੱਪਾਂ ਉਦਾਸੀਆਂ ਪਤਝੜਾਂ
ਪ੍ਰਵਾਸੀ ਹੋ ਗਈਆਂ

-0-

ਦਿਲ ਦੇ ਵਿਹੜੇ
ਬੇਸ਼ੁਮਾਰ ਫੁੱਲਾਂ ਫਲਾਂ ਨਾਲ
ਲੱਦਿਆ ਰੁੱਖ ਉੱਗ ਪਿਆ
ਇਨਾਂ ਫੱਲ ਤਾਂ ਰੁੱਖ
ਖਾ ਵੀ ਨਹੀਂ ਸਕਦਾ
ਉਮਰ ਭਰ ਮੁਕਾ ਨਹੀਂ ਸਕਦਾ

-0-

ਰੁੱਖ ਨੇ
ਸਕੂਨ ਦੀ ਹਵਾ ਤੇ ਸੁੱਖ ਦੇ
ਬੁੱਲ੍ਹਿਆਂ ਦਾ ਮੀਂਹ ਵਰਸਾ ਦਿੱਤਾ
ਮੇਰੇ ਘਰ ਨੂੰ
ਅਨਾਜ ਦਾ ਭਰਿਆ ਖੇਤ ਬਣਾ ਦਿੱਤਾ

ਮੇਰਾ ਚੁੱਲ੍ਹਾ ਮੱਘਿਆ
ਰੋਟੀਆਂ ਦੀ ਮਹਿਕ ਆਈ
ਮੇਰੀ ਪਤਨੀ ਦੇ ਨੈਣਾਂ ਤੇ ਅੰਗਾਂ 'ਚ
ਉਤਸ਼ਾਹ ਤੇ ਹੁਲਾਸ ਦੀ
ਬਿਜਲੀ ਦੌੜ ਗਈ

-0-

ਬੱਚਿਆਂ ਦੇ ਨੈਣ ਨਕਸ਼ ਤੇ
ਅੰਗ ਪੁੰਗਰੇ
ਭਰੇ ਪੇਟ ਰਾਤ ਨੂੰ
ਸਿਹਤਮੰਦ ਰੱਜੀ ਨੀਂਦ ਨਜ਼ਰ
ਆਈ
ਰਹਿਮਤਾਂ ਤੇ ਨਿਹਮਤਾਂ ਦਾ
ਕੜ ਟੁੱਟਾ

-0-

ਚੰਨਾਂ ਸੂਰਜਾਂ ਤਾਰਿਆਂ ਦਾ
ਘਰ ਦੇ ਵਿਹੜੇ ਨੂਰ ਫੁੱਟ ਪਿਆ
ਕੰਧਾਂ ਦੇ ਚਿਹਰੇ ਲਾਲ ਹੋ ਗਏ
ਛੱਤ ਪਸਾਰ ਸੂਹੇ ਗੁਲਾਲ ਹੋ ਗਏ
ਚਾਂਦਨੀ ਰਾਤ
ਘਰ 'ਚ ਆ ਡੇਰਾ ਲਾ ਲਿਆ
ਚੰਨ ਜਿਹਾ ਰੂਪ
ਘਰ ਦੇ ਦਰ ਨੇ ਬਣਾ ਲਿਆ
ਗਗਨ ਦਾ ਥਾਲ
ਜਿਉਂ ਧਰਤੀ ਤੇ ਆ ਗਿਆ

ਦੁਨੀਆਂ ਭਰ ਦਾ ਰਿਜ਼ਕ
ਘਰ 'ਚ ਸਮਾ ਗਿਆ

-0-

ਮੇਰੇ ਚੋਂ ਕਈ ਸਿਰ ਕਈ ਹੱਥ
ਕਈ ਪੈਰ ਉੱਗ ਆਏ
ਵਜੂਦ ਮਨੁੱਖਤਾ ਦਾ
ਮੇਰੇ ਵਜੂਦ 'ਚ ਸਮਾ ਗਿਆ
ਮੈਂ ਹੈਰਾਨ ਸਾਂ ਪਰੇਸ਼ਾਨ ਸਾਂ
ਪਾਗਲ ਸਾਂ
ਖੁਸ਼ੀ ਦੇ ਅਹਿਸਾਸ 'ਚ
ਮੈਂ ਤੇ ਸਾਰੀ ਉਮਰ
ਏਨਾ ਖਾ ਨਹੀਂ ਸਕਦਾ
ਹੰਢਾਅ ਨਹੀਂ ਸਕਦਾ
ਇਹ ਲੋੜੋਂ ਵਧ ਹੈ ਸਭ ਕੁੱਝ
ਜੋ ਮੇਰੇ ਪਾਸ ਆ ਗਿਆ
ਮੇਰੀ ਮੁਫ਼ਲਿਸੀ ਦੇ ਨੈਣੀਂ
ਕੋਈ
ਫ਼ਸਲ ਰਿਜ਼ਕ ਦੀ ਉੱਗਾ ਗਿਆ

-0-

ਭਰਿਆ ਬਜ਼ਾਰ ਤੱਕਿਆ
ਤਾਂ ਘਰ ਦੇ ਖ਼ਾਲੀਪਣ ਦਾ
ਅਹਿਸਾਸ ਮਰ ਗਿਆ
ਘਰ ਅੰਦਰੋਂ ਬਾਹਰੋਂ
ਰਿਜ਼ਕ ਨਾਲ ਭਰ ਗਿਆ

----

## ਬੋਲਦੀਆਂ ਗਲੀਆਂ

ਇਨ੍ਹਾਂ ਗਲੀਆਂ ਚੋਂ
ਬਚ ਕੇ ਨਿਕਲ਼ ਜਾ
ਇਨ੍ਹਾਂ ਗਲੀਆਂ ਦੀਆਂ
ਇੱਟਾਂ ਚੋਂ
ਕਈ ਮਹਿਬੂਬ ਚਿਹਰੇ ਝਾਕਦੇ ਹਨ
ਕਈ
ਆਸ਼ਕ ਪੈਰ ਸਫ਼ਰ ਕਰਦੇ ਹਨ

-0-

ਇਨ੍ਹਾਂ ਗਲੀਆਂ 'ਚ
ਕਈ ਸੋਹਣੀਆਂ ਮੋਈਆਂ
ਕਈ ਹੀਰਾਂ ਤਬਾਹ ਹੋਈਆਂ
ਕਈ ਸੱਸੀਆਂ ਸੜੀਆਂ
ਕਈ ਸਾਹਿਬਾਂ ਗੁਆਚ ਗਈਆਂ

-0-

ਇਨ੍ਹਾਂ ਗਲੀਆਂ ਨੂੰ ਨਾ ਵੇਖ
ਇਨ੍ਹਾਂ ਗਲੀਆਂ ਸੰਗ ਨਾ ਬੋਲ
ਇਨ੍ਹਾਂ ਗਲੀਆਂ ਨੂੰ ਨਾ ਉਧੇੜ
ਨਾ ਆਪਣਾ ਆਪਾ
ਇਨ੍ਹਾਂ 'ਚ ਘੋਲ੍ਹ
ਇਹ ਗਲੀਆਂ ਪਈਆਂ ਜੋ ਬੋਲ
ਇਨ੍ਹਾਂ ਚੋਂ
ਚਿਹਰਿਆਂ ਦੇ ਸਮੁੰਦਰਾਂ ਦਾ ਉੱਠੇਗਾ ਸ਼ੋਰ
ਅੱਖਾਂ ਦੇ ਹੰਝੂਆਂ ਦੀ ਚੁੱਪ ਟੁੱਟੇਗੀ

ਅਣਗਿਣਤ ਹੱਥ ਉੱਗ ਆਉਣਗੇ
ਖੜ੍ਹੇ ਪੈਰਾਂ ਦੀ ਗਤੀ ਦੀ
ਆਹਟ ਸੁਣੇਗੀ
ਇਹ ਗਲੀਆਂ
ਆਪਣੇ ਅੰਦਰ ਇਕ ਦੁਨੀਆਂ
ਲੁਕਾਈ ਬੈਠੀਆਂ ਹਨ
ਅਰਬ ਦੇ ਸਹਿਰਾਂ ਦੀ ਰੇਤ ਦੇ
ਜ਼ਰ੍ਹਿਆਂ ਜਿੰਨੀਆਂ
ਅਸਮਾਨ ਦੇ ਤਾਰਿਆਂ ਜਿੰਨੀਆਂ
ਪਿਆਰ ਦੀਆਂ ਕਬਰਾਂ
ਆਪਣੇ 'ਚ ਵਸਾਈ ਬੈਠੀਆਂ ਨੇ

-0-

ਇਨ੍ਹਾਂ ਗਲੀਆਂ 'ਚ
ਬਿਨ ਪੈਰਾਂ ਤੋਂ
ਇਸ਼ਕ ਤੁਰਿਆ ਹੈ
ਸਿਰ ਰਹਿਤ ਮੁਹੱਬਤਾਂ
ਸੂਲ੍ਹੀ ਚੜ੍ਹੀਆਂ ਹਨ
ਇਨ੍ਹਾਂ ਗਲੀਆਂ 'ਚ
ਆਸ਼ਕੀ ਚਿਹਰਿਆਂ ਦਾ ਝੌਲਾ ਹੈ
ਗੂੰਗਿਆਂ ਬੋਲਾਂ ਦਾ ਰੌਲਾ ਹੈ
ਇਨ੍ਹਾਂ ਦੇ ਹਰ ਮੋੜ ਤੇ
ਕੋਈ ਨਾ ਕੋਈ ਮਾਸ਼ੂਕ ਖੜ੍ਹੀ ਹੈ
ਕਿਸੇ ਨਾ ਕਿਸੇ
ਆਸ਼ਕ ਦੀ ਜ਼ਿੰਦ ਸੂਲੀ ਚੜ੍ਹੀ ਹੈ

-0-

ਇਨ੍ਹਾਂ ਗਲੀਆ ਚੋਂ
ਬਚ ਕੇ ਨਿਕਲ ਜਾ
ਜੇ ਤੂੰ
ਇਨ੍ਹਾਂ ਦੀ ਨਜ਼ਰ 'ਚ ਆ ਗਿਆ
ਇਹ ਆਪਾ ਤੇਰੇ 'ਚ
ਧਰ ਜਾਣਗੀਆਂ
ਤੈਨੂੰ ਕੱਖਾਂ ਤੋਂ ਹੌਲਾ ਕਰ
ਜਾਣਗੀਆਂ
ਇਨ੍ਹਾਂ 'ਚ ਇਸ਼ਕ ਦੀ ਜ਼ਾਮੀਰ ਹੈ
ਹੁਸਨ ਦੀ ਤਾਸੀਰ ਹੈ
ਜੇ ਇਸ਼ਕ ਪੱਲੇ ਪੈ ਗਿਆ
ਤਾਂ ਕੁੱਝ ਵੀ ਨਾ ਪੱਲੇ ਰਹਿ ਗਿਆ
ਹੁਸਨ ਜਿਸ ਤੇ ਵਰ੍ਹ ਗਿਆ
ਸਾਗਰ ਕੋਲੇ ਕਰ ਗਿਆ
ਇਸ਼ਕ 'ਚ ਆਪਣੀ ਪਹਿਚਾਣ
ਭੁੱਲ ਜਾਂਦਾ ਹੈ ਆਦਮੀ
ਇਸ਼ਕ ਬੰਦੇ ਦੀ ਅਖ਼ੀਰ ਹੈ
ਸ਼ਹਿਨਸ਼ਾਹ ਹੁੰਦਾ ਹੋਇਆ ਵੀ
ਬੰਦਾ ਫ਼ਕੀਰ ਹੈ

-0-

ਇਨ੍ਹਾਂ ਗਲੀਆਂ ਚੋਂ
ਬਚ ਕੇ ਨਿਕਲ ਜਾ
ਇਹ ਕਬਰਾਂ ਦਾ ਸ਼ਮਸ਼ਾਨ ਹੈ
ਚੁੱਪ ਉਦਾਸੀ ਵੀਰਾਨੀ
ਦਾ ਜਹਾਨ ਹੈ

ਇਨ੍ਹਾਂ 'ਚ ਘਿਰ ਕੇ
ਤੇਰੀ ਸਿਆਣ ਨਹੀਂ ਰਹਿਣੀ
ਤੇਰੀ ਪਹਿਚਾਣ ਨਹੀਂ ਰਹਿਣੀ
ਆਪਣੇ ਸਾਵੇਂ ਖੜ੍ਹ ਕੇ ਵੀ
ਨਾ ਆਪਾ ਪਹਿਚਾਣ ਪਾਏਂਗਾ
ਜੀਏਂਗਾ
ਪਰ ਮੌਤ ਹੰਢਾਏਂਗਾ
ਜੀਂਦੇ ਜੀਅ ਹੀ ਕਬਰਾਂ ਹੋ ਜਾਏਂਗਾ

-0-

ਇਨ੍ਹਾਂ ਗਲੀਆਂ ਚੋਂ
ਬਚ ਕੇ ਨਿਕਲ ਜਾ
ਇਨ੍ਹਾਂ ਗਲੀਆਂ ਦੀਆਂ ਇੱਟਾਂ ਚੋਂ
ਕਈ ਮਹਿਬੂਬ ਚਿਹਰੇ ਝਾਕਦੇ ਹਨ
ਕਈ ਆਸ਼ਕ ਪੈਰ ਸਫ਼ਰ ਕਰਦੇ ਹਨ

-----

## ਰੁੱਖ ਰੱਬ

ਹਵਾ ਦਾ ਦੇਵਤਾ
ਹਵਾ ਨੂੰ ਵੇਖਦਾ
ਆਖ਼ਦਾ ਹੈ
ਜੇ ਹਵਾ ਵੇਖਣੀ ਹੈ
ਤਾਂ ਇਸ ਝੂਲਦੇ ਹੋਏ ਰੁੱਖ ਨੂੰ ਵੇਖ
ਹਵਾ ਆਖ਼ਦੀ
ਜੇ ਹਵਾ ਦਾ ਦੇਵਤਾ ਵੇਖਣਾ ਹੈ
ਤਾਂ ਇਸ ਰੁੱਖ ਦੇ ਫਲਾਂ ਵਿਚਲੇ
ਬੀਜ ਨੂੰ ਵੇਖ
ਜੋ ਮ੍ਰਿਤਯੂ ਰਹਿਤ ਹੈ
ਸਦਾ ਨਿਰੰਤਰ ਹੈ
ਜੀਵਨ ਤੇ ਮੌਤ ਦਾ ਅੰਤਰ ਹੈ

–0–

ਇਹ ਰੁੱਖ ਦੇ ਮੱਥੇ 'ਚ
ਏਕ ਨੂਰ ਤੇ ਸਭ ਜਗ ਉਪਜਿਓ
ਕੌਣ ਭਲੇ ਕੌਣ ਮੰਦੇ
ਦਾ ਚਿਰਾਗ ਜਲਦਾ ਹੈ
ਇਹ ਰੁੱਖ ਸਰਬਤ ਦਾ ਭਲਾ ਮੰਗਦਾ ਹੈ
ਇਹ ਰੁੱਖ
ਨਾ ਕੋਈ ਵੈਰੀ ਨਾ ਹੀ ਬੇਗਾਨਾ
ਸਗਲ ਸੰਗ ਹਮ ਕੋ ਬਣ ਆਈ
ਦਾ ਪੁਜਾਰੀ ਹੈ

ਵੰਡ ਛੱਕਦਾ ਹੈ
ਭਾਣੇ 'ਚ ਰਹਿੰਦਾ ਹੈ
ਮੁਹੱਬਤ ਦਯਾ ਸਬਰ ਸੰਤੋਖ਼
ਸੱਚ ਸੁੰਦਰਤਾ ਕਲਿਆਣ ਦਾ
ਧਾਰਨੀ ਹੈ

-0-

ਕਾਮ ਕ੍ਰੋਧ ਲੋਭ ਮੋਹ ਹੰਕਾਰ
ਦੀਆਂ ਪਰਿਵਾਰਕ ਸ਼ਕਤੀਆਂ ਨੂੰ
ਸਾਕਾਰ ਆਤਮਕ ਅਰਥ
ਪ੍ਰਦਾਨ ਕਰਦਾ ਹੈ
ਇਸ ਰੁੱਖ ਨੇ ਜੀਂਦੇ ਜੀਅ
ਆਪਣੇ ਫੱਲਾਂ ਦੇ ਬੀਜ ਚੋਂ
ਸੈਂਕੜੇ ਜੰਗਲ ਉੱਗਾਏ ਹਨ
ਇਹ ਰੱਖ ਅੱਬਾ ਵੀ ਲੱਗਦਾ ਹੈ
ਅੱਮੀ ਵੀ ਲੱਗਦਾ ਹੈ
ਪੁੱਤਰ ਭਰਾ ਧੀਅ ਪਤੀ ਪਤਨੀ
ਦੋਸਤ ਮਿੱਤਰ ਰਿਸ਼ਤੇਦਾਰ
ਇਨਸਾਨੀ ਫ਼ਿਤਰਤ ਦੇ
ਇਸ ਕਈ ਰੂਪ ਵਟਾਏ ਹਨ
ਇਸਨੇ ਆਪਣੇ
ਹਰ ਇਕ ਪੱਤੇ ਤੇ
ਮਨੁੱਖ ਦੇ ਆਦਿ ਤੋਂ ਹੁਣ ਤੱਕ ਦੇ
ਪਿੱਤਰ ਪੁਰਖਾਂ ਦੇ ਚਿਹਰੇ ਵਸਾਏ ਹਨ

-0-

ਦੁਨੀਆਂ ਦੀ ਹਰ ਨਸਲ ਜ਼ਾਤ
ਰੰਗ, ਨੈਣ ਨਕਸ਼ਾਂ ਦਾ ਮਨੁੱਖ
ਇਸਦੇ ਪੱਤਿਆਂ ਦਾ ਪਹਿਰੇਦਾਰ ਹੈ
ਜੋ ਕਦੇ ਨਹੀਂ ਸੌਂਦਾ ਸਦਾ ਜਾਗਦਾ ਹੈ
ਇਹ ਰੱਬੀ ਕਰਤਾਰੀ ਗੁਣ ਹੈ ਰੁੱਖ ਦਾ
ਜੋ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ
ਸਦਾ ਸੰਭਾਲਦਾ ਹੈ

–0–

ਇਹ ਆਪਣੀ ਠੰਡਕ ਚੋਂ
ਚੰਨ ਸੂਰਜ ਤਾਰੇ ਜਨਮਦਾ ਹੈ
ਅਕਾਸ਼ ਤੇ ਸਜਾਉਂਦਾ ਹੈ
ਰਾਤ ਚੰਨਾਂ ਤਾਰਿਆਂ ਦੀ ਲੋਅ
'ਚ ਨਹਾਉਂਦਾ ਹੈ
ਦਿਨੇ ਸੂਰਜ ਦੀ ਰੌਸ਼ਨੀ
ਨਿੱਘ ਤੇ ਤੇਜ਼ ਹੰਢਾਉਂਦਾ ਹੈ

–0–

ਇਸਦੇ ਸਿਰ ਤੇ ਅੰਬਰ ਹੈ
ਪੈਰਾਂ 'ਚ ਧਰਤ ਹੈ
ਤਨਾ ਟਹਿਣੀਆਂ ਛਿੱਲੜ ਰਾਹੀਂ
ਇਸਦੇ ਪੱਤਿਆਂ 'ਚ ਵਸਦੇ
ਸੰਸਾਰ ਦੀ ਕਾਰਜ ਪ੍ਰਣਾਲੀ ਚਲਦੀ ਹੈ

ਸਿਲਸਿਲਾ ਚਲਦਾ ਹੈ
ਕਾਰੋਬਾਰ ਚਲੰਦਾ ਹੈ
ਦਾਰੋਮਦਾਰ ਚਲਦਾ ਹੈ

-0-

ਰੁੱਖ ਆਧੁਨਿਕ ਮਨੁੱਖ ਦੇ
ਸੰਕਲਪ ਸ਼ਾਖ਼ਸਾਤ ਰੂਪ ਹੈ
ਆਧੁਨਿਕ ਸਮਾਜ
ਆਧੁਨਿਕ ਵਿਸ਼ਵ ਦਾ ਪ੍ਰਤੱਖ ਸਰੂਪ ਹੈ
ਜੋ ਸਹਿਕਾਰਤਾ ਨਾਲ ਭਰਪੂਰ ਹੈ
ਮਨੁੱਖ ਤੋਂ ਇਹ ਦੂਰ ਨਹੀਂ
ਮਨੁੱਖ ਇਸ ਤੋਂ ਦੂਰ ਹੈ

-0-

ਰੁੱਖ ਚੋਂ ਮੈਨੂੰ ਸਾਰਾ ਸੰਸਾਰ ਦਿੱਸਦਾ ਹੈ
ਪਰ ਸਾਰੇ ਸੰਸਾਰ ਦੇ ਮਨੁੱਖਾਂ ਚੋਂ
ਇਕ ਵੀ ਮਨੁੱਖ
ਇਸ ਜਿਹਾ ਨਹੀਂ ਦਿੱਸਦਾ
ਰੁੱਖ 'ਚ ਮਨੁੱਖੀ ਸੱਚ ਸਮਾਇਆ ਹੈ
ਮਨੁੱਖਾਂ 'ਚ ਰੁੱਖ ਦਾ ਸੱਚ ਨਹੀਂ ਦਿੱਸਦਾ

-----

## ਕੋਰਾ ਕਾਗ਼ਜ਼

ਸੋਚਦਾ ਹਾਂ
ਜ਼ਿੰਦਗੀ ਦੇ ਕੋਰੇ ਕਾਗ਼ਜ਼
ਤੇ ਕੁੱਝ ਲਿਖਾਂ
ਬੱਚੇ ਦੇ ਤੋਤਲੇ ਬੋਲਾਂ
ਦੇ ਅਰਥਾਂ ਦਾ ਰੰਗ ਛਿੜਕਾਂ
ਨੰਨ੍ਹੇ ਨੰਨ੍ਹੇ ਪੈਰਾਂ ਦੇ ਨਿਸ਼ਾਨ
ਉਲੀਕਾਂ
ਬੱਚੇ ਦੇ ਜਿਸਮ ਚੋਂ
ਆ ਰਹੀ ਖ਼ੁਸ਼ਬੂ ਦਾ ਆਦਿ
ਸਿਰਜਾਂ
ਬੱਚੇ ਦੇ ਪੁੰਗਰਦੇ ਜਿਸਮ ਦਾ
ਆਕਾਰ ਸਿਰਜਾਂ
ਬੱਚੇ ਦੇ ਜਿਸਮ ਚੋਂ
ਮਨੁੱਖ ਦਾ ਜਨਮ ਦਾ ਚਿਹਰਾ
ਉਲੀਕਾਂ
ਕਿ ਬੱਚੇ ਦੇ ਜਿਸਮ ਦੀ
ਮਨੁੱਖ ਦੇ ਜਿਸਮ 'ਚ ਮਰ ਗਈ
ਖ਼ੁਸ਼ਬੂ ਦਾ ਜ਼ਿਕਰ ਕਰਾਂ

-0-

ਬੱਚਾ ਜਦ ਜਨਮਿਆ ਸੀ
ਆਪਣੇ ਆਦਿ ਦੇ ਨੇੜੇ ਸੀ
ਬੱਚੇ ਚੋਂ ਜਦ ਮਨੁੱਖ ਜਨਮਿਆ
ਬੱਚਾ ਆਪਣੇ ਆਦਿ ਤੋਂ
ਦੂਰ ਹੋ ਗਿਆ

ਆਦਿ ਦੀ ਦੂਰੀ 'ਚ
ਆਈਆਂ ਤਬਦੀਲੀਆਂ
ਜਿਨ੍ਹਾਂ ਬੱਚੇ ਦੇ ਜਿਸਮ
ਦੀ ਮਹਿਕ ਨੂੰ
ਮਨੁੱਖ ਦੀ ਬਦਬੂ 'ਚ ਬਦਲ ਦਿੱਤਾ
ਜ਼ਿੰਦਗੀ ਦੇ ਕੋਰੇ ਕਾਗ਼ਜ਼ ਤੇ
ਉਸਦੀ ਇਕ ਤਸਵੀਰ ਚਿੱਤਰਾਂ

-0-

ਕਬਰਾਂ ਉੱਡੀਕਦੀ ਜ਼ਿੰਦਗੀ ਦੀ
ਉਡੀਕ
ਜ਼ਿੰਦਗੀ ਦੇ ਕੋਰੇ ਕਾਗ਼ਜ਼ 'ਤੇ ਉਤਾਰਾਂ
ਔਰਤ ਜੋ ਕਰਤਾ ਦਾ
ਧਰਤੀ ਤੇ ਰੂਪ ਹੈ
ਉਸ ਦੀ ਕੁੱਖ ਦਾ ਸਿਲਾ
ਜੋ ਔਰਤ ਦੇ ਮੱਥੇ ਤੇ ਜ਼ਖ਼ਮ ਬਣਕੇ
ਪੈਰਾਂ 'ਚ ਘੁੰਗਰੂ ਬਣਕੇ ਉੱਗਦਾ ਹੈ
ਉਸ ਜ਼ਖ਼ਮ ਦੀ ਪੀੜਾ
ਘੁੰਗਰੂਆਂ ਦੀ ਆਵਾਜ਼
ਜ਼ਿੰਦਗੀ ਦੇ ਕੋਰੇ ਕਾਗ਼ਜ਼ ਤੇ ਡੋਲ੍ਹਾਂ
ਮੰਡੀਆਂ 'ਚ ਵਿੱਕਦੀ
ਮਰਦ ਵਾਸਨਾ ਦੀ ਪੂਰਤੀ ਲਈ
ਕੋਠਿਆਂ ਤੇ ਸਜਾਈ ਗਈ

ਮਰਦਾਂ ਦੇ ਜਸ਼ਨਾਂ 'ਚ
ਨੰਗੀ ਕਰਕੇ ਨੱਚਾਈ ਗਈ
ਜਾਂ ਜੂਏ 'ਚ
ਦਾਅ ਤੇ ਲਾਈ ਗਈ
ਇਸ ਜਗਜਣਨੀ ਦਾ
ਤਿੜਕਿਆ ਚਿਹਰਾ ਤੇ
ਤਕਸੀਮੇ ਅੰਗਾਂ ਤੇ ਨਕਸ਼ਾਂ
ਦੇ ਚਿੱਤਰ
ਪੁੱਤਰ ਭੋਗ ਹੰਢਾਉਂਦੀ ਮਮਤਾ ਦੀ
ਤਰਾਸਦੀ ਪੇਸ਼ ਕਰਾਂ

-0-

ਸੱਤਾ ਦੀ ਅੱਖ਼ 'ਚ
ਸੱਚ ਲਈ
ਮਨੁੱਖ ਦਾ ਸਿਰ ਕਲਮ ਹੁੰਦਾ
ਤੱਤੀਆਂ ਤਵੀਆਂ
ਉਬਲਦੀਆਂ ਦੇਗਾਂ 'ਚ
ਸੱਚ ਰਿੱਝਦਾ ਤੇ ਉਬਲਦਾ
ਸਿਰ ਤੋਂ ਪੈਰਾਂ ਤੱਕ
ਆਰਿਆਂ ਨਾਲ ਚੀਰਿਆ ਜਾਂਦਾ
ਜਿਉਂਦਾ ਸੱਚ
ਖੋਪਰੀਆਂ ਲੁਹਾਉਂਦਾ
ਬੰਦ ਬੰਦ ਕਰ
ਸੱਚ ਦਾ ਵਜ਼ੂਦ ਕੱਟਿਆ ਜਾਂਦਾ

ਅੱਖਾਂ ਖੋਲ੍ਹਦਾ ਸੱਚ
ਨੇਜ਼ਿਆਂ ਤੇ ਟੰਗਿਆ ਜਾਂਦਾ
ਤੋਤਲੀ ਜੁਬਾਨ ਤੇ
ਨੰਨ੍ਹੇ ਨੰਨ੍ਹੇ ਪੈਰਾਂ ਤੇ ਤੁਰਦਾ
ਅੱਖ੍ਹਾਂ ਖੋਲ੍ਹਣ ਤੋਂ ਬਾਅਦ
ਪਹਿਲਾ ਸੁਪ਼ਨਾ ਵੇਖਦਾ ਸੱਚ
ਨੀਹਾਂ 'ਚ ਚਿਣਿਆ ਜਾਂਦਾ ਹੈ
ਜੀਅ ਕਰਦਾ
ਕਿ ਆਪਣੇ ਲਹੂ ਨਾਲ
ਜ਼ਿੰਦਗੀ ਦੇ ਕੋਰੇ ਕਾਗ਼ਜ਼ ਤੇ
ਸਾਕਾਰ ਕਰ ਦੇਵਾਂ
ਜ਼ਿੰਦਗੀ ਦਾ ਮੂਲ ਸੱਚ ਕੂੜ
ਸਭ ਕੁੱਝ
ਜ਼ਿੰਦਗੀ ਦੀ ਤਲੀ ਤੇ ਧਰ ਦੇਵਾਂ

-0-

ਸੋਚਦ਼ਾ ਹਾਂ
ਇਹ ਕਰਨ ਨਾਲ
ਜ਼ਿੰਦਗੀ ਦਾ ਕੋਰਾ ਸੱਚ
ਮੈਲਾ ਹੋ ਜਾਏਗਾ
ਜ਼ਿੰਦਗੀ ਦੀ ਆਪਣੀ ਉਮਰ
ਮੈਲਾ ਉਤਾਰਦਿਆਂ ਹੀ
ਗੁਜ਼ਰ ਜਾਏਗੀ

ਜ਼ਿੰਦਗੀ ਪੱਥਰ ਦੀ ਹੋਂਦ
ਕੰਡਿਆਂ ਦਾ ਸਫ਼ਰ ਹੋ ਜਾਏਗੀ
ਜ਼ਿੰਦਗੀ ਜੋ ਪੁੰਗਰਨ ਦੀ ਆਦੀ ਹੈ
ਮਹਿਕਾਂ ਦਾ ਸਿਲਸਿਲਾ ਹੈ
ਕਬਰ ਹੋ ਜਾਏਗੀ

-0-

ਜ਼ਿੰਦਗੀ ਦੇ ਚਿਹਰੇ ਤੇ
ਜੋ ਕਿਸੇ ਨੇ ਜ਼ਖ਼ਮ ਲਾਏ ਹਨ
ਜ਼ਿੰਦਗੀ ਦੇ ਜਿਸਮ ਤੇ ਛਾਲੇ ਉੱਗਾਏ ਹਨ
ਜ਼ਿੰਦਗੀ ਨੂੰ
ਕੋਹੜ ਤੇ ਕਰੂਪਤਾ ਨਾਲ ਭਰਿਆ ਹੈ
ਉਹ ਇਨਸਾਨ ਸੀ
ਜੋ ਜ਼ਿੰਦਗੀ ਦੇ ਕੋਰੇ ਸੱਚ ਤੋਂ ਅਣਜਾਣ ਸੀ
ਜ਼ਿੰਦਗੀ ਦੇ ਚਿਹਰੇ ਤੇਂ
ਜਿਸ ਲਹੂ ਦੇ ਛਿੱਟੇ ਨੇ
ਉਸ ਲਹੂ ਨੇ ਵੀ
ਉਸ ਅਣਜਾਣ ਮਨੁੱਖ ਨੂੰ
ਮੁਆਫ਼ ਕਰ ਦਿੱਤਾ
ਆਪਣਾ ਸਿਰ ਦੇ ਕੇ
ਉਸਦੀ ਅਣਜਾਣਤਾ ਨਾਲ
ਰੱਬੀ
ਇਨਸਾਫ਼ ਕਰ ਦਿੱਤਾ

-0-

ਤੂੰ ਜ਼ਿੰਦਗੀ ਦੇ ਕੋਰੇ ਕਾਗ਼ਜ਼ ਨੂੰ
ਮੈਲਾ ਨਾ ਕਰ
ਜੇ ਇਸ ਤੇ ਕੁੱਝ ਲਿਖਣਾ ਹੈ
ਧਰਨਾ ਹੈ
ਤਾਂ ਸੱਚ ਸੁੰਦਰਤਾ ਕਲਿਆਣ ਧਰ
ਨਾਨਕ ਬੁੱਧ ਰਾਮ ਕ੍ਰਿਸ਼ਨ ਈਸਾ
ਅਰਜਨ ਗੋਬਿੰਦ ਲਿਖ
ਜ਼ਾਲਮ ਜਾਬਰਾਂ ਨੂੰ
ਕਦ ਕੋਈ ਯਾਦ ਕਰਦਾ ਹੈ
ਸੱਚ ਸੁੰਦਰਤਾ ਕਲਿਆਣ ਦੀਆਂ
ਸੂਰਤਾਂ ਦੇ ਦਰਾਂ ਤੇ ਹੀ
ਮਨੁੱਖ ਬਾਲ ਕੇ ਸੁਗੰਧਾਂ ਦੇ
ਚਿਰਾਗ ਧਰਦਾ ਹੈ

-----

## ਸੂਰਜ ਦਾ ਸੱਚ

ਉਹ ਜਾਣਦਾ ਸੀ
ਕਿ ਪਹਾੜ ਦੀ ਚੋਟੀ ਤੇ
ਸੂਰਜ ਦਾ ਸੱਚ ਹੈ
ਪਰ ਇਹ ਔਖਾ ਸਫ਼ਰ ਹੈ

-0-

ਸੁਬ੍ਹਾ ਹੋਈ ਸੂਰਜ ਚੜ੍ਹਿਆਂ
ਉਸ ਵੀ
ਆਪਣਾ ਕਮਰ ਕੱਸਿਆ
ਤੇ ਪਹਾੜ ਦੀ ਚੋਟੀ ਤੇ
ਸੂਰਜ ਦਾ ਸੱਚ ਵੇਖਣ ਲਈ
ਚੜ੍ਹਨਾ ਸ਼ੁਰੂ ਕਰ ਦਿੱਤਾ
ਉੱਠਦਾ ਬਹਿੰਦਾ
ਡਿੱਗਦਾ ਢਹਿੰਦਾ
ਥੱਕਿਆ ਟੁੱਟਿਆ
ਉਹ ਪਹਾੜ ਦੇ ਅੱਧ ਤੱਕ ਹੀ
ਪੁੱਜਾ ਸੀ
ਕਿ ਸੂਰਜ ਸਿਰ ਤੇ ਆ ਗਿਆ

-0-

ਇਸ ਸਫ਼ਰ 'ਚ
ਉਹ ਥੱਕ ਗਿਆ ਘਬਰਾ ਗਿਆ
ਉਸ ਸੋਚਿਆ

ਉਸ ਨੂੰ ਵਾਪਿਸ
ਪਰਤ ਜਾਣਾ ਚਾਹੀਦਾ ਹੈ
ਉਸ 'ਚ ਉਪਰ ਜਾਣ ਦੀ
ਹਿੰਮਤ ਨਹੀਂ
ਉਹ ਜਿਸ ਰੁੱਖ ਦੀ ਛਾਵੇਂ
ਬੈਠਾ ਸੀ
ਉਸ ਵੇਖਿਆ
ਇਕ ਕਾਡਾ
ਆਪਣੇ ਮੂੰਹ 'ਚ ਇਕ ਮਿੱਟੀ ਦਾ
ਢੇਲਾ
ਆਪਣੇ ਭਾਰ ਤੋਂ ਵੀ ਵਧੇਰਾ ਭਾਰਾ ਚੁੱਕੀ
ਰੁੱਖ ਤੇ ਚੜ੍ਹ ਰਿਹਾ ਸੀ

–0–

ਕੀੜਾ ਰੁੱਖ ਤੇ ਥੋੜ੍ਹਾ ਉੱਚਾ ਗਿਆ
ਕਿ ਮਿੱਟੀ ਦਾ ਢੇਲਾ
ਉਸਦੇ ਮੂੰਹ ਚੋਂ ਗਿਰ ਗਿਆ
ਕੀੜਾ ਪਰਤਿਆ
ਉਸ ਮਿੱਟੀ ਦਾ ਢੇਲਾ ਚੁੱਕਿਆ
ਤੇ ਫਿਰ ਚੜ੍ਹਣਾ ਸ਼ੁਰੂ ਕਰ ਦਿੱਤਾ
ਵੇਖਦਿਆਂ ਵੇਖਦਿਆਂ
ਕੀੜਾ ਇਨ੍ਹਾਂ ਉਪਰ ਚਲਾ ਗਿਆ
ਕਿ ਦਿੱਸਣੋਂ ਹਟ ਗਿਆ
ਸ਼ਾਇਦ ਉਹ ਆਪਣੀ ਮੰਜ਼ਿਲ ਸੀ
ਫ਼ਤਹਿ ਕਰ ਗਿਆ

–0–

ਉਸ ਨੂੰ ਵਿਚਾਰ ਆਇਆ
ਜੇ ਇਕ ਕੀੜਾ
ਏਨਾ ਭਾਰ ਲੈ ਕੇ
ਰੁੱਖ ਤੇ ਚੜ੍ਹ ਸਕਦਾ ਹੈ
ਤਾਂ ਉਹ ਕਿਉਂ ਨਹੀਂ
ਪਹਾੜ ਦੀ ਚੋਟੀ ਸਰ ਕਰ ਸਕਦਾ

-0-

ਉਸਨੇ ਹਿੰਮਤ ਕੀਤੀ ਤੇ
ਪਹਾੜ ਦੀ ਚੋਟੀ ਤੇ ਆ ਗਿਆ
ਸੂਰਜ ਡੁੱਬਣ 'ਚ ਕੁੱਝ ਸਮਾਂ ਸੀ
ਉਸਨੇ ਵੇਖਿਆ
ਪਹਾੜ ਦੀ ਚੋਟੀ ਤੇ ਸਿਰਫ਼
ਸੂਰਜ ਸੀ
ਸੂਰਜ ਤੋਂ ਸਿਵਾ ਕੁੱਝ ਨਹੀਂ ਸੀ
ਉਸਨੂੰ ਸੂਰਜ ਦਾ ਸੱਚ
ਨਜ਼ਰ ਨਾ ਆਇਆ
ਉਹ ਥੋੜ੍ਹੀ ਦੇਰ ਪਹਾੜ ਦੀ ਚੋਟੀ ਤੇ
ਇਧਰ
ਉਧਰ ਘੁੰਮਿਆ
ਪਰ ਉਸਨੂੰ ਕੁੱਝ ਨਾ ਲੱਭਾ

-0-

ਉਹ ਵਾਪਿਸ ਪਰਤਿਆ
ਸੂਰਜ ਡੁੱਬਣ ਵਾਲਾ ਸੀ

ਉਹ ਪਹਾੜ ਤੋਂ ਉਤਰ ਰਿਹਾ ਸੀ
ਉਸਨੇ ਡੁੱਬਦਾ ਸੂਰਜ ਵੇਖਿਆ
ਉਸਨੂੰ ਲੱਗਿਆ
ਇਹ ਸੂਰਜ
ਉਹ ਸੂਰਜ ਨਹੀਂ ਸੀ
ਜੋ ਅੱਧ ਪਹਾੜ ਤੇ ਉਸ ਦੇ
ਸਿਰ ਤੇ ਸੀ
ਪਹਾੜ ਦੀ ਚੋਟੀ ਤੇ ਸੀ
ਫਿਰ ਉਸ ਸੋਚਿਆ
ਇਹ ਸੂਰਜ ਤੇ ਸੁਬ੍ਹਾ
ਵਾਲਾ ਹੀ ਹੈ
ਪਰ ਇਹ ਸੂਰਜ
ਮੈਨੂੰ ਸੁਬ੍ਹਾ ਵਾਲਾ ਸੂਰਜ
ਕਿਉਂ ਨਹੀਂ ਲੱਗਦਾ

–0–

ਉਸਨੂੰ ਅਹਿਸਾਸ ਹੋਇਆ
ਇਹਂ ਡੁੱਬਦਾ ਸੂਰਜ ਸੀ
ਉਹ ਚੜ੍ਹਦਾ ਸੂਰਜ ਸੀ
ਚੜ੍ਹਦੇ ਸੂਰਜ 'ਚ ਸੱਜਰ਼ਾਪਣ ਸੀ
ਕੁੱਝ ਕਰਨ ਦਾ ਉਤਸ਼ਾਹ ਸੀ
ਕੁੱਝ ਪਾਉਣ ਦਾ ਅਹਿਸਾਸ ਸੀ
ਜਿਸ ਲਕਸ਼ ਦੀ ਪ੍ਰਾਪਤੀ ਲਈ
ਉਹ ਚੜ੍ਹਦਾ ਸੀ

ਉਸ ਲਕਸ਼ ਦੀ ਪ੍ਰਾਪਤੀ ਪਿਛੋਂ
ਇਹ ਪਰਤਦਾ ਸੂਰਜ ਹੈ
ਢਲਦਾ ਸੂਰਜ ਹੈ
ਜਿਸ ਤਰ੍ਹਾਂ ਮੈਨੂੰ
ਪਹਾੜ ਦੀ ਚੋਟੀ ਤੇ ਚੜ੍ਹਣ ਦੀ
ਤੀਬਰਤਾ ਸੀ
ਉਹ ਸੂਰਜ ਦਾ ਚੜ੍ਹਣ ਦਾ ਸਮਾਂ ਸੀ
ਇਹ ਲਕਸ਼ ਪ੍ਰਾਪਤੀ ਪਿਛੋਂ
ਸੂਰਜ ਦੇ ਪਰਤਣ ਦਾ ਸਮਾਂ ਸੀ

-0-

ਉਹ ਸੂਰਜ
ਮੰਜ਼ਿਲ ਦੀ ਭਾਲ 'ਚ
ਨਿਕਲਦਾ ਸੂਰਜ ਸੀ
ਇਹ ਸੂਰਜ ਮੰਜ਼ਿਲ ਦੀ
ਪ੍ਰਾਪਤੀ ਸੰਗ ਪਰਤਦਾ ਸੂਰਜ ਹੈ
ਉਸਨੂੰ ਗਿਆਨ ਹੋਇਆ
ਇਹੀ ਸੂਰਜ ਦਾ ਸੱਚ ਹੈ
ਸੂਰਜ ਦੇ ਚੜ੍ਹਣ ਤੋਂ
ਡੁੱਬਣ ਦੇ ਪੁਰਸ਼ਾਰਥ ਦਾ ਸੱਚ
ਮੰਜ਼ਿਲ ਪ੍ਰਾਪਤੀ ਦਾ ਸੱਚ ਹੈ
ਇਹ ਸੱਚ
ਪਹਾੜ ਦੀ ਚੋਟੀ ਤੇ ਚੜ੍ਹਣ 'ਚ ਨਹੀਂ
ਸਫ਼ਰ 'ਚ
ਸਫ਼ਲਤਾ ਪ੍ਰਾਪਤ ਕਰਕੇ
ਪਰਤਣ 'ਚ ਹੈ

-0-

ਹੁਣ ਉਹ
ਸੂਰਜ ਦਾ ਸੱਚ ਪਾ ਕੇ
ਘਰ ਪਰਤਿਆ ਸੀ
ਉਹ ਬੜਾ ਭਰਿਆ ਭਰਿਆ ਸੀ
ਤੇ ਆਪਣੇ ਆਪ 'ਚ
ਚੜ੍ਹਦੀ ਕਲਾ ਮਹਿਸੂਸ ਕਰਦਾ ਸੀ
ਕਿਉਂਕਿ
ਉਹ ਖ਼ਾਲੀ ਨਿਕਲਿਆ ਸੀ
ਭਰਿਆ ਪਰਤਿਆ ਸੀ

----

## ਭਗਤ ਦਾਸ

ਉਹ ਰੋਜ਼ ਸਮਾਧੀ 'ਚ
ਬਹਿੰਦਾ
ਉਸਨੂੰ ਸਿਮਰਦਾ
ਉਸਦਾ ਧਿਆਨ ਕਰਦਾ
ਉਸਨੂੰ ਸੁਆਸਾਂ ਸੰਗ
ਧਿਆਉਂਦਾ
ਉੱਡੀਕਦਾ ਤੇ ਆਖ਼ਦਾ
ਪ੍ਰਭੂ ਕਦ ਆਓਗੇ
ਦਰਸ਼ਨ ਦਿਓਗੇ
ਜਨਮ ਸੁਧਾਰੋਗੇ
ਮੈਨੂੰ ਕਦੋਂ
ਇਸ ਭਵੰਸਾਗਰ ਤੋਂ
ਪਾਰ ਉਤਾਰੋਗੇ

-0-

ਕਈ ਮਹੀਨੇ ਕਈ ਵਰ੍ਹੇ
ਉਹ ਪ੍ਰਭੂ ਦਰਸ਼ਨ ਦੀ
ਉੱਡੀਕ ਵਿਚ ਰਿਹਾ
ਕੁਦਰਤ ਨੂੰ ਆਪਣੇ 'ਚ
ਆਪਣੇ ਆਪ ਨੂੰ
ਕੁਦਰਤ 'ਚ ਉਤਾਰਦਾ ਰਿਹਾ
ਪ੍ਰਕਿਰਤੀ ਬ੍ਰਹਮ ਦੇ
ਸਭ ਤੋਂ ਨਜ਼ਦੀਕ ਹੈ

ਪ੍ਰਕਿਰਤੀ ਰਾਹੀਂ
ਉਹ ਸਿਰਜਣਹਾਰ ਨੂੰ
ਅਨੁਭਵ ਕਰਨਾ ਚਾਹੁੰਦਾ ਸੀ
ਆਪਣੇ ਲਹੂ 'ਚ ਉਤਾਰਨਾ
ਚਾਹੁੰਦਾ ਸੀ
ਆਪਣੇ ਮਸਤਕ 'ਚ ਉਸਦਾ ਨੂਰ
ਵੇਖਣਾ ਚਾਹੁੰਦਾ ਸੀ

-0-

ਇਕ ਦਿਨ
ਸੱਚ ਦਾ ਨੰਦ ਉਸਦੀ ਮਿਹਨਤ
ਲਗਨ ਸਿਮਰਨ ਧਿਆਨ ਤੇ
ਅਰਾਧਨਾ ਤੇ ਖ਼ੁਸ਼ ਹੋ ਕੇ
ਉਸਦੇ ਦਰ ਤੇ ਆਏ
ਉਸਦੇ ਦਰ ਤੇ ਦਸਤਕ ਦਿੱਤਾ
ਉਸ ਅੰਦਰੋਂ ਦਰਵਾਜ਼ਾ ਖੋਲ੍ਹਿਆ
ਤੇ ਬੋਲ੍ਹਿਆ
ਤੂੰ ਕੌਣ ਹੈਂ
ਦਰਵਾਜ਼ੇ ਤੇ ਆਏ ਪੁਰਖਾਂ ਨੇ
ਆਖਿਆ
ਮੈਂ ਬ੍ਰਹਮ ਹਾਂ
ਜਿਸਨੂੰ ਤੂੰ ਮਿਲਣਾ ਚਾਹੁੰਦਾ ਹੈਂ
"ਉਹ ਘਰ ਨਹੀਂ" ਉਸ ਆਖਿਆ

ਮੈਂ ਵੀ ਉਸਨੂੰ ਹੀ
ਮਿਲਣਾ ਚਾਹੁੰਦਾ ਸਾਂ
ਤੈਨੂੰ ਨਹੀਂ
ਬ੍ਰਹਮ ਇਹ ਕਹਿ ਕੇ ਤੁਰ ਗਿਆ

-0-

ਉਹ ਫ਼ਿਰ ਅੰਦਰ
ਆਪਣੀ ਭਗਤੀ 'ਚ ਲੀਨ ਹੋਇਆ
ਆਪਣੇ ਆਪ ਨੂੰ ਬੋਲਿਆ
ਲੋਕ ਮੈਨੂੰ ਭਗਤੀ ਵੀ ਨਹੀਂ
ਕਰਨ ਦਿੰਦੇ
ਮੇਰੇ ਸਿਮਰਨ 'ਚ
ਐਵੇਂ ਵਿਘਨ ਪਾਉਂਦੇ ਹਨ

-0-

ਉਹ ਕਈ ਸਾਲ
ਇਸੇ ਤਰ੍ਹਾਂ ਭਗਤੀ ਕਰਦਾ ਰਿਹਾ
ਪਰ ਉਸਨੂੰ
ਕੁੱਝ ਪ੍ਰਾਪਤ ਨਾ ਹੋਇਆ
ਇਕ ਦਿਨ
ਉਹ ਬਹੁਤ ਨਿਰਾਸ਼ ਤੇ ਉਦਾਸ ਹੋ ਕੇ
ਆਪਣੇ ਗੁਰੂ ਪਾਸ ਗਿਆ
ਪ੍ਰਣਾਮ ਕੀਤਾ ਤੇ ਬੋਲਿਆ

ਹੇ ਗੁਰੂਦੇਵ
ਮੈਂ ਕਈ ਵਰ੍ਹੇ ਭਗਤੀ ਕੀਤੀ ਹੈ
ਪਰ ਅਜੇ ਤੱਕ
ਮੈਨੂੰ ਪ੍ਰਭੂ ਦਰਸ਼ਨ ਨਹੀਂ ਹੋਏ

-0-

ਗੁਰੂ ਬੋਲੇ
ਭਗਤ ਦਾਸ
ਤੂੰ ਮੇਰੇ ਨਾਲ ਕੁੱਟੀਆ 'ਚ ਚਲ
ਮੈਂ ਤੈਨੂੰ ਬ੍ਰਹਮ ਦੇ
ਦਰਸ਼ਨ ਕਰਵਾਉਂਦਾ ਹਾਂ

-0-

ਉਹ ਕੁਟੀਆ 'ਚ ਗਿਆ
ਉਸ ਵੇਖਿਆ
ਉਹੀ ਪੁਰਸ਼ ਕੁਟੀਆ 'ਚ ਬੈਠਾ ਸੀ
ਜਿਸਨੂੰ
ਉਸ ਆਖਿਆ ਸੀ ਉਹ ਘਰ ਨਹੀਂ
ਭਗਤ ਦਾਸ ਬੋਲਿਆ
ਤੁਸੀਂ ਕੁੱਝ ਦਿਨ ਪਹਿਲਾਂ
ਮੇਰੇ ਦੁਆਰ ਤੇ ਆਏ ਸਓਂ
ਬ੍ਰਹਮ ਬਲਿਆ
ਉਸ ਵਕਤ ਉਹ ਮੈਨੂੰ ਮਿਲਣਾ
ਨਹੀਂ ਸੀ ਚਾਹੁੰਦਾ

ਮੈਂ ਵੀ ਉਸਨੂੰ ਦੀਦਾਰ ਦੇਣਾ
ਨਹੀਂ ਸੀ ਚਾਹੁੰਦਾ

-0-

ਮੇਰੇ ਦੀਦਾਰ
ਉਹ ਹੀ ਕਰ ਸਕਦਾ ਹੈ
ਜਿਸਨੂੰ ਮੈਂ ਦੀਦਾਰ ਦੇਣੇ ਚਾਹਾਂ
ਹੁਣ ਤੂੰ ਮੇਰੇ ਦੀਦਾਰ ਕਰਨਾ ਚਾਹੁੰਦਾ ਹੈਂ
ਕਿਉਂਕਿ
ਮੈਂ ਤੈਨੂੰ ਦੀਦਾਰ ਦੇਣਾ ਚਾਹੁੰਦਾ ਹਾਂ
ਪੁਰਸ਼ ਨੇ
ਆਪਣਾ ਬ੍ਰਹਮ ਰੂਪ
ਭਗਤ ਦਾਸ ਨੂੰ ਵਿਖਾਇਆ
ਭਗਤ ਦਾਸ ਦੇ ਰੋਮ ਰੋਮ ਚੋਂ ਨੂਰ
ਪ੍ਰਗਟ ਹੋ ਗਿਆ
ਭਗਤ ਦਾਸ ਭੁੱਲ ਕੇ ਆਪਾ
ਉਸ ਨੂਰ 'ਚ ਖੋਹ ਗਿਆ

-----

# ਮੈਂ ਹਾਂ

ਮੇਰੇ ਇਕ ਹਿੱਸੇ 'ਚ
ਬੀਜ ਚੋਂ ਰੁੱਖ ਪੁੰਗਰਦਾ ਹੈ
ਆਲ੍ਹਣੇ 'ਚ ਪਏ ਆਂਡਿਆਂ ਚੋਂ
ਅਵਾਜ਼ ਦੀ ਕਨਸੋਅ
ਆਉਂਦੀ ਹੈ
ਲਹੂ ਮਾਸ ਦੇ ਲੋਥੜਿਆਂ ਚੋਂ
ਪਰ ਨਿਕਲਦੇ ਹਨ

-0-

ਮੇਰੇ ਇਕ ਹਿੱਸੇ 'ਚ
ਅਕਾਸ਼ ਹਵਾ ਅੱਗ ਜਲ
ਧਰਤ ਦਾ ਅੰਕੁਰ ਹੈ
ਝਰਨਿਆਂ ਚਸ਼ਮਿਆਂ ਦਾ
ਸੰਗੀਤ ਹੈ
ਮੰਜ਼ਿਲ ਤੁਰਦੀ ਜਾ ਰਹੀ ਹੈ
ਜ਼ਿੰਦਗੀ ਦੇ ਪੈਰਾਂ ਦੀ ਆਹਟ ਹੈ
ਅਗਤੀਆਂ ਦਾ ਸੱਚ ਰੌਸ਼ਨ ਹੈ

-0-

ਇਕ ਪਾਸੇ
ਮਾਂ ਦੀ ਗਰਭ 'ਚ ਪਲ ਰਿਹਾ ਹਾਂ ਮੈਂ
ਜੀਵਨ 'ਚ ਜੀਵਨ ਤੁਰ ਰਿਹਾ ਹੈ
ਸ਼ਬਦ ਚੋਂ ਸ਼ਬਦ ਗੂੰਜ ਰਿਹਾ ਹੈ
ਚੇਤਨਾ

ਦੇਹ ਦੀ ਕਾਰਜ ਪ੍ਣਾਲੀ ਚੋਂ
ਸਵੈ ਸੱਚ ਤਲਾਸ਼ ਰਹੀ ਹੈ
ਜੀਵਨ ਦਾ ਮੂਲ ਤੇ
ਪ੍ਰਯੋਜਨ ਭਾਲ ਰਹੀ ਹੈ

-0-

ਮੇਰੇ ਇਕ ਪਾਸੇ
ਜੀਵਨ ਜੀਵਨ ਤਿਆਗ ਰਿਹਾ ਹੈ
ਅਕਾਸ਼ ਹੈ ਸ਼ਬਦ ਰਹਿਤ ਹੈ
ਹਵਾ ਹੈ ਗਤੀ ਰਹਿਤ ਹੈ
ਅੱਗਣ ਹੈ ਤੇਜ਼ ਰਹਿਤ ਹੈ
ਜਲ ਹੈ ਰੱਸ ਰਹਿਤ ਹੈ
ਧਰਤ ਹੈ ਸੁਗੰਧ ਰਹਿਤ ਹੈ
ਜੰਗਲ ਸੁੱਕ ਰਹੇ ਹਨ
ਸਾਗਰ ਥਲ ਪਹਾੜ ਪਿੱਸ
ਰਹੇ ਹਨ
ਬੀਜ ਹੈ ਗਲ ਰਿਹਾ ਹੈ
ਬੀਜ ਚੋਂ ਜੀਵਨ ਮਰ ਰਿਹਾ ਹੈ
ਕਾਲ ਕੀ ਕਾਲ ਹੈ

-0-

ਜੀਵਨ
ਹਰ ਚੀਜ਼ ਦੀ ਮੌਥਾਂਜ਼ੀ ਤਿਆਗ਼
ਕਬਰਾਂ 'ਚ ਸੁਤੰਤਰ ਪਿਆ ਹੈ
ਕਾਲ ਹੈ ਜੋ ਸੁਤੰਤਰ ਹੈ

ਜੀਵਨ ਹੈ ਜੋ ਬੰਦਸ਼ ਹੈ
ਜੀਵਨ ਤੇ ਕਾਲ ਦਾ
ਬਸ ਇਹੀ ਅੰਤਰ ਹੈ

-0-

ਮੈਂ ਹਾਂ
ਜਿਸ 'ਚ ਕਾਲ ਵੀ ਹੈ ਜੀਵਨ ਵੀ ਹੈ
ਪਰ ਮੈਂ
ਨਾ ਜਨਮਦਾ ਹਾਂ ਨਾ ਮਰਦਾ ਹਾਂ
ਮੈਂ ਜਿਉਂਦੇ ਜੀਅ
ਆਪਣਾ ਸੱਚ ਵੀ ਹਾਂ
ਸੱਚ ਪਹਿਚਾਣਨ ਵਾਲਾ ਵੀ ਹਾਂ
ਆਪਣੇ ਆਪ ਨੂੰ
ਜਾਣਨ ਵਾਲਾ ਵੀ ਹਾਂ

-0-

ਮੇਰਾ
ਉਸ ਜੀਵਨ 'ਚ ਵਾਸ ਹੈ
ਜੋ ਜੀਵਨ ਜਿਉਂਦੇ ਜੀਅ
ਆਪਣਾ ਸੱਚ ਪਹਿਚਾਨਦਾ ਹੈ
ਮੇਰਾ ਸੱਚ ਜਾਣਦਾ ਹੈ
ਉਹ ਜੀਵਨ
ਜੀਵਨ ਦਾ ਮੁਸਾਫ਼ਿਰ ਨਹੀਂ
ਜੀਵਨ ਦੀ ਨਿਰੰਤਰਤਾ ਹੈ
ਕਾਲ ਉਸਦੇ ਜਨਮ ਦਾ
ਪ੍ਰਯੋਜਨ ਹੈ

ਉਸ ਦੇ ਕਬਲੂਤ ਦਾ ਅੰਤ ਹੈ
ਮੈਂ ਤੱਤ ਸਤ ਹਾਂ
ਤੱਤ 'ਚ ਜੋ ਸੱਚ ਜਿਉਂਦਾ ਹੈ
ਉਹ ਕਾਲ ਤੋਂ ਪਹਿਲਾਂ ਵੀ ਆਜ਼ਾਦ ਹੈ
ਕਾਲ ਤੋਂ ਪਿਛੋਂ ਵੀ ਆਜ਼ਾਦ ਹੈ

-0-

ਉਸ ਅਸਮਾਨ ਹੇਠ
ਜਿਥੇ ਅਸਮਾਨ ਨਹੀਂ
ਅਸਮਾਨ ਦਾ ਸ਼ਬਦ ਹੈ
ਹਵਾ ਨਹੀਂ ਹਵਾ ਦੀ ਗਤੀ ਹੈ
ਅੱਗਣ ਨਹੀਂ ਅੱਗਣ ਦਾ ਤੇਜ਼ ਹੈ
ਜਲ ਨਹੀਂ ਜਲ ਦਾ ਰੱਸ ਹੈ
ਧਰਤ ਨਹੀਂ ਧਰਤ ਦੀ ਸੁਗੰਧ ਹੈ
ਸ਼ਬਦ ਗਤੀ ਤੇਜ਼ ਰੱਸ ਸੁਗੰਧ
ਮੇਰਾ ਵਜੂਦ ਹੈ
ਮੈਂ ਤੇ ਮੇਰਾ ਸੱਚ
ਇਨ੍ਹਾਂ 'ਚ ਮੌਜੂਦ ਹੈ
ਇਥੇ ਦੇਹ ਨਹੀਂ ਪ੍ਰਾਣ ਨਹੀਂ
ਸੁਤੰਤਰਤਾ ਹੈ
ਜਿਥੇ ਸੁਤੰਤਰਤਾ
ਸੁਤੰਤਰਤਾ ਦੀ ਮੌਥਾਜ਼ ਨਹੀਂ
ਮੈਂ ਉਹ ਹਾਂ ਉਹ ਮੈਂ ਹਾਂ

-----

# ਮੌਤ

ਐ ਮੌਤ
ਤੂੰ ਸੱਚ ਸੁੰਦਰਤਾ ਕਲਿਆਣ ਦੀ
ਦਿਲਕਸ਼ ਮੂਰਤ ਹੈਂ
ਤੇਰਿਆਂ ਹਰਿਆਂ ਨੈਣਾਂ 'ਚ
ਨੀਲੇ ਸਾਗਰ ਨੇ ਤੇਰੇ ਹੋਠ
ਅੰਮ੍ਰਿਤ ਦੇ ਪਿਆਲੇ ਨੇ
ਤੇਰੇ ਨੈਣ ਨਕਸ਼
ਮੱਖਣ ਤੋਂ ਵੀ ਕੂਲੇ ਨੇ
ਤੇਰਾ ਵਜੂਦ ਮੰਦਿਰ ਤੇ
ਸ਼ਿਵਾਲੇ ਨੇ
ਤੇਰੇ ਬੋਲ
ਜ਼ਿੰਦਗੀ ਦੇ ਹਵਾਲੇ ਨੇ
ਤੇਰੀਆਂ ਜ਼ੁਲਫ਼ਾਂ
ਸਾਉਣ ਦੀਆਂ ਘਟਾਵਾਂ ਨੇ
ਤੇਰਾ ਆਕਰਸ਼ਨ
ਮਹਿਬੂਬਾਂ ਦੇ ਮਹਿਬੂਬ
ਦੀਆਂ ਅਦਾਵਾਂ ਨੇ
ਤੇਰੀਆਂ ਪਲਕਾਂ ਦੀਆਂ ਛਾਵਾਂ
ਮਾਂ ਮਮਤਾ ਦੀਆਂ ਛਾਵਾਂ ਨੇ
ਤੇਰੇ ਚਿਹਰੇ ਤੇ ਐਸਾ ਨੂਰ ਹੈ
ਜਿਸਦੀ ਇਕ ਝਲਕ ਵੇਖਾਂ ਤਾਂ
ਤਰ ਜਾਵਾਂ
ਕੋਈ ਗ਼ਮ ਨਹੀਂ
ਇਕ ਵਾਰ ਤੇਰਾ ਹੱਥ ਚੁੰਮਾਂ
ਫਿਰ ਜਿਉਂਦੇ ਜੀਅ
ਭਾਵੇਂ ਸੌ ਵਾਰ ਮਰ ਜਾਵਾਂ

-0-

ਇਹ ਜ਼ਿੰਦਗੀ ਵੀ ਪਿਆਰੀ ਹੈ
ਪਰ ਇਸਦੀ ਮੌਥਾਜ਼ੀ
ਇਹਦੇ ਪਿਆਰ ਤੋਂ ਵੀ ਭਾਰੀ ਹੈ
ਵੇਖ
ਮੈਂ ਆਪਣੇ ਆਪ 'ਚ
ਆਪਣੇ ਆਪ ਦਾ ਮੌਥਾਜ਼ ਹਾਂ
ਬੋਲਣ ਦਾ ਸੁਣਨ ਦਾ ਮੌਥਾਜ਼ ਹਾਂ
ਵੇਖਣ ਦਾ ਤੁਰਨ ਦਾ ਮੌਥਾਜ਼ ਹਾਂ
ਮੈਂ ਆਪਣੇ ਪਾਸ ਹੁੰਦਿਆਂ ਵੀ
ਆਪਣੇ ਪਾਸ ਨਹੀਂ
ਆਪਣਾ ਹੋਣ ਲਈ
ਆਪਣੇ ਆਪ ਦਾ ਮੌਥਾਜ਼ ਹਾਂ
ਮੈਂ ਬੜਾ ਭਾਲਿਆ
ਆਪਣਾ ਚਿਹਰਾ ਦੁਆਲੇ ਚੋਂ
ਦੁਆਲੇ 'ਚ
ਆਪਾ ਉੱਗਾਣ ਦਾ ਮੌਥਾਜ਼ ਹਾਂ
ਮੇਰੇ ਅੰਗ ਮੇਰੇ ਨਕਸ਼
ਮੈਨੂੰ ਹੀ ਸਿਆਣਦੇ ਨਹੀਂ
ਦਰਪਣ ਮੇਰੇ ਚਿਹਰੇ ਤੇ ਲੱਗੀ
ਸੱਜੀ ਅੱਖ ਨੂੰ ਖੱਬੀ ਦੱਸਦਾ ਹੈ
ਖੱਬੀ ਨੂੰ ਸੱਜੀ ਦੱਸਦਾ ਹੈ
ਮੈਂ ਦਰਪਣ
ਆਪਣੇ ਚਿਹਰੇ 'ਚੋਂ ਉਤਾਰਨ
ਦਾ ਮੌਥਾਜ਼ ਹਾਂ

-0-

ਇਹ ਦੇਹ ਜੋ ਮੇਰੀ ਨਹੀਂ
ਇਸਦਾ ਮੌਥਾਜ਼ ਹਾਂ
ਇਹ ਪ੍ਰਾਣ ਜੋ ਮੇਰੇ ਨਹੀਂ

ਪ੍ਰਾਣਾਂ ਦਾ ਮੌਥਾਜ਼ ਹਾਂ
ਇਹ ਇਨਸਾਨ
ਜੋ ਮੇਰੇ ਸਾਏ ਤੋਂ ਵੀ ਦੂਰ ਨੇ
ਇਨਸਾਨਾਂ ਦੀ ਦੁਨੀਆਂ 'ਚ
ਇਨਸਾਨਾਂ ਦਾ ਮੌਥਾਜ਼ ਹਾਂ

-0-

ਹਾਂ ਇਕ ਮੂਰਤੀ
ਜੀਵਨ ਮੰਦਰ ਦੀ ਮੈਂ
ਪਰ ਆਪਣੀ ਹੀ ਹੋਂਦ ਲਈ
ਬੇਜ਼ਾਨ ਪੱਥਰ ਦੇ
ਭਗਵਾਨਾਂ ਦਾ ਮੌਥਾਜ਼ ਹਾਂ
ਮੌਥਾਜ਼ ਤੋਂ ਸਿਵਾ
ਮੇਰੇ ਕੋਲ ਕੁੱਝ ਵੀ ਨਹੀਂ
ਥੱਕ ਗਿਆ ਹਾਂ
ਭਾਰ ਇਹ ਉਠਾ ਰਿਹਾਂ
ਐ ਸੱਚ ਸੁੰਦਰਤਾ ਤੇ
ਕਲਿਆਣ ਦੀ ਦੇਵੀ
ਮੌਤ
ਮੇਰੀ ਪਹਿਲੀ ਤੇ ਆਖ਼ਰੀ
ਮਹਿਬੂਬ
ਮੈਂ ਤੇਰੀ ਬੇਮੌਥਾਜ਼
ਸੁੰਤਤਰ ਆਗੋਸ਼ ਵਿਚ ਹਾਂ ਆ ਰਿਹਾ

-----

## ਮਿੱਟੀ ਦੀ ਢੇਰੀ

ਇਹ ਮਿੱਟੀ ਦੀ ਢੇਰੀ
ਮੈਨੂੰ ਪੀ ਰਹੀ ਹੈ
ਮੇਰੇ 'ਚ ਪਸਰਦੀ ਜਾ ਰਹੀ ਹੈ
ਮੇਰੇ ਪ੍ਰਾਣ ਹੰਢਾਅ ਰਹੀ ਹੈ
ਮੇਰਾ ਪਿੰਡਾ ਜੀਅ ਰਹੀ ਹੈ

-0-

ਮੁਰਦਾ ਆਓਧ
ਜਦ ਜੀਵਨ ਹੰਢਾਉਂਦੀ ਹੈ
ਜੀਵਨ 'ਚ ਹਰਿਆਵਲ ਬੀਜਦੀ ਹੈ
ਜੀਵਨ ਦੀ ਉਦਾਸੀ ਮੁਕਾਉਂਦੀ ਹੈ
ਖੰਡਰਾਂ ਚੋਂ ਸ਼ਹਿਰ
ਗ਼ਮਾਂ ਚੋਂ ਖੁਸ਼ੀਆਂ ਉੱਗਾਉਦੀ ਹੈ
ਆਪਣੀ ਹੋਂਦ
ਜੀਵਨ 'ਚ ਧਰਦੀ ਹੈ
ਜੀਵਨ ਦੇ ਹਨ੍ਹੇਰੇ ਚੋਂ
ਚਾਨਣ ਬਣਕੇ ਜਨਮਦੀ ਹੈ

-0-

ਇਹ ਮਿੱਟੀ ਦੀ ਢੇਰੀ
ਮੇਰੇ 'ਚ ਉਤਰਦੀ ਹੈ
ਬਹਾਰਾਂ ਮੌਸਮਾਂ ਰੁੱਤਾਂ
ਫੁੱਲਾਂ ਫੱਲਾਂ ਦੇ ਮੇਲੇ ਲਾਉਂਦੀ ਹੈ
ਮੇਰੇ ਅੱਥਰੂਆਂ ਚੋਂ ਡੁੱਲ੍ਹਦੀ ਹੈ
ਮੇਰੇ ਲਹੂ 'ਚ ਗਿੜਦੀ ਹੈ
ਅੱਖੀਆਂ ਦੀਆਂ ਖੂਹੀਆਂ 'ਚ
ਉਤਰਦੀ ਹੈ
ਕਲੇਜੇ ਦਾ ਰੁੱਗ ਭਰਦੀ ਹੈ
ਆਪਣੀ ਖ਼ੁਸ਼ਬੂ

ਮੇਰੇ ਸਾਹਾਂ 'ਚ ਧਰਦੀ ਹੈ
ਉਜਾੜਾਂ ਖ਼ਾਮੋਸ਼ੀਆਂ ਚੋਂ
ਜਿਉਂ ਕੋਈ ਬਹਾਰ ਪੁੰਗਰਦੀ ਹੈ
ਪੱਥਰਾਂ ਦੇ ਪਿੰਡੇ ਚੋਂ
ਜਿਉਂ ਗਤੀ ਦੀ ਕੋਈ ਨਦੀ ਵਗਦੀ ਹੈ

-0-

ਇਹ ਮਿੱਟੀ ਦੀ ਢੇਰੀ
ਜਿੰਨੀ ਅਜੀਵਤ ਹੈ
ਉਸਤੋਂ ਵਧੇਰੇ ਖ਼ੁਸ਼ੀਆਂ
ਰੌਣਕਾਂ ਤੇ ਜੀਵਨ
ਇਸ ਮੇਰੇ 'ਚ ਧਰਿਆ ਹੈ
ਮੇਰੇ ਪੈਰਾਂ ਦੀ ਗਤੀ 'ਚ ਉਤਰੀ
ਮੰਜ਼ਿਲਾਂ ਬਣਕੇ
ਮਸਤਕ 'ਚ ਜਗਦੀ ਹੈ
ਮੇਰੇ ਪਰਾਂ 'ਚ ਹਿੰਮਤ ਤੇ
ਪ੍ਰਵਾਜ਼ ਭਰਦੀ ਹੈ
ਕਿ ਮੈਂ ਜੀਵਨ ਨੂੰ
ਆਪਣੀਆਂ ਬਾਹਾਂ 'ਚ ਭਰ ਲਵਾਂ
ਆਪਣੇ ਬੰਨੇਰੀਂ
ਸੂਰਜਾਂ ਦੇ ਦੀਵੇ ਧਰ ਲਵਾਂ
ਮੈਂ ਫੈਲ ਜਾਂ
ਜ਼ਿੰਦਗੀ ਦੇ ਅੰਦਰ ਤੇ ਬਾਹਰ ਵੀ
ਮੈਂ ਵਿਚਰਾਂ ਬਣ ਕੇ
ਬੇਕੰਧਾਂ ਘਰ ਖੁੱਲ੍ਹਾ ਵਿਹੜਾ
ਮੈਂ ਆਪਣੀ ਮੈਂ ਤੋਂ ਤੂੰ 'ਚ ਬਦਲ ਜਾਵਾਂ
ਮੈਂ ਬੂੰਦ
ਸਾਗਰ 'ਚ ਉਤਰ ਜਾਵਾਂ

-0-

ਮਿੱਟੀ ਦੀ ਢੇਰੀ
ਮੇਰਾ ਗ਼ਮ ਮੇਰੀ ਇਕੱਲਤਾ

ਮੇਰੀ ਉਦਾਸੀ
ਮੇਰੇ ਚੋਂ ਨਿਚੋੜਦੀ ਹੈ
ਮੇਰੇ ਰੁਕ ਗਏ ਜਲ ਨੂੰ
ਦਰਿਆਵਾਂ ਨਾਲ ਜੋੜਦੀ ਹੈ
ਮੇਰੇ ਪੈਰਾਂ 'ਚ ਮੋਰ ਬਣ ਕੇ ਨੱਚਦੀ ਹੈ
ਮੇਰੇ ਕੰਠ ਚੋਂ
ਕੋਇਲ ਬਣ ਕੇ ਬੋਲਦੀ ਹੈ
ਮਿੱਟੀ ਦੀ ਢੇਰੀ
ਮੇਰੇ 'ਚ ਆਪਣਾ ਆਪ ਤੋਰਦੀ ਹੈ
ਪੌਣਾਂ ਦਾ ਵੇਗ ਘੋਲਦੀ ਹੈ
ਅੰਬਰ ਨੈਣਾਂ 'ਚ ਪਾਉਂਦੀ ਹੈ
ਮਿੱਟੀ ਦੀ ਢੇਰੀ
ਜੀਵਨ ਗਤੀ ਕਹਾਉਂਦੀ ਹੈ

-0-

ਮਿੱਟੀ ਦੀ ਢੇਰੀ
ਜੀਵਨ ਜੂਨ ਜਿਉਂਦੀ ਹੈ
ਜੀਵਨ ਜੂਨ ਦੇ ਰਾਹੀਂ
ਆਪਣਾ ਪੰਧ ਮੁਕਾਉਂਦੀ ਹੈ
ਜੋ ਸਫ਼ਰ ਇਸ ਮਿੱਟੀ ਦੀ ਜੂਨ
ਤੋਂ ਪਹਿਲਾਂ
ਜਿਉਂਦੇ ਜੀਅ ਤਹਿ ਕਰਨਾ ਸੀ
ਬੁੱਝਣ ਤੋਂ ਪਹਿਲਾਂ
ਸੂਰਜ ਵਾਂਗ ਜਗਣਾ ਸੀ
ਹਨ੍ਹੇਰਿਆਂ ਚੋਂ ਚਾਨਣ ਜਨਮਨਾ ਸੀ
ਰਹਿ ਗਈਆਂ ਹਸਰਤਾਂ
ਮੇਰੀ ਦੇਹ ਹੰਢਾਅ ਕੇ ਪੂਰੀਆਂ
ਕਰ ਰਹੀ ਹੈ
ਸੁਫ਼ਨਿਆਂ ਨੂੰ ਫੜ ਰਹੀ ਹੈ
ਕਬਰਾਂ ਤੇ ਦੀਵੇ ਧਰ ਰਹੀ ਹੈ

-----

# ਸ਼ਬਦਾਂ ਦਾ ਸਫ਼ਰ

(ਕਾਂਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼

ਪੰਜਾਬ ਬੁੱਕ ਸੈਂਟਰ

# ਤਤਕਰਾ


1. ਉਮਰ ਤੋਂ ਪਹਿਲਾਂ
2. ਚੁੱਪ ਇਕਾਂਤ ਤੇ ਉਹ
3. ਬੱਦਲ
4. ਸ਼ਹਿਰ ਤੇ ਧੂੰਆਂ
5. ਚਿਹਰਾ ਤੇ ਜੰਗਲ
6. ਲਿਬਾਸ
7. ਗਲੀ ਦੇ ਦੋ ਪਾਸੇ
8. ਤੇਰੇ ਜਾਣ ਪਿੱਛੋਂ
9. ਸਾਇਆ
10. ਇਕ ਘੜੀ
11. ਤਲਾਸ਼
12. ਜੀਅ ਕਰਦੈ
13. ਨਸੀਬ
14. ਅੰਨ੍ਹਾ ਸਮਾਂ
15. ਕਲੰਕਿਤ ਮਨੁੱਖ
16. ਚੁੱਪ ਤੇ ਬੋਲ
17. ਨੀਂਦਰ
18. ਮੇਲਾ
19. ਸੌਗਾਤ
20. ਅਰਪਣ
21. ਦੋ ਰੁੱਖ
22. ਚਿੰਤਾ ਮੁਕਤ
23. ਸ਼ਬਦ ਦਾ ਸਫ਼ਰ
24. ਰੁੱਖ ਸ਼ਬਦ ਦਾ ਸਫ਼ਰ
25. ਪਹਾੜ ਸ਼ਬਦ ਦਾ ਸਫ਼ਰ
26. ਸਮੁੰਦਰ ਸ਼ਬਦ ਦਾ ਸਫ਼ਰ
27. ਚਰਨ ਛੋਹ
28. ਸ਼ਬਦ ਤੋਂ ਅਰਥ
    ਅਰਥ ਤੋਂ ਸ਼ਬਦ ਦਾ ਸਫ਼ਰ

## ਉਮਰ ਤੋਂ ਪਹਿਲਾਂ

ਦਰਪਣ ਨੇ ਉਸਨੂੰ ਪੁੱਛਿਆ
ਕਿੱਥੇ ਹੈ ਤੇਰੀ ਮੁਸਕਰਾਹਟ
ਤੇਰੀ ਉਹ ਮਹਿਕ
ਜੋ ਤੂੰ ਸਰਦਲ ਤੇ ਪੈਰ ਧਰਦਿਆਂ
ਇਸ ਘਰ 'ਚ ਖਲੇਰੀ ਸੀ

-0-

ਜਿਸਦਾ ਰੰਗ
ਘਰ ਦੀਆਂ ਕੰਧਾਂ ਨੂੰ ਚੜ੍ਹਿਆ ਸੀ
ਜਿਸਦੇ ਰੂਪ ਦਾ ਦੀਵਾ
ਚੌਂਕੇ ਦੇ ਆਲੇ 'ਚ
ਜਗਿਆ ਸੀ
ਜਿਸਦਾ ਹਰ ਅੰਗ ਤੇ ਨਕਸ਼
ਘਰ ਦੇ ਬੂਹੇ ਬਾਰੀਆਂ
ਤੇ ਵਿਹੜੇ ਚੋਂ ਨਜ਼ਰ
ਆਇਆ ਸੀ
ਜਿਸਦੀ ਲੋਅ ਨੇ
ਇਸ ਘਰ ਨੂੰ
ਦੀਵਾਲੀ ਵਾਂਗ ਸਜਾਇਆ ਸੀ

-0-

ਕਿੱਥੇ ਹੈ
ਉਹ ਤੇਰੀਆਂ ਅੱਖਾਂ ਦੀ ਚਮਕ
ਸਾਹਾਂ ਦਾ ਨਿੱਘ
ਦਿਲ ਦੀ ਧੜਕਣ ਦਾ ਸੰਗੀਤ

ਤੇਰਿਆਂ
ਪੈਰਾਂ ਦੀ ਆਹਟ ਜ਼ੁਲਫ਼ਾਂ ਦੀ ਛਾਂ
ਕਿਸ ਖ਼ੂਹ 'ਚ ਡੁੱਬ ਗਿਆ
ਤੇਰਾ ਰੰਗ ਰੂਪ
ਤੇਰੀ ਖ਼ੁਸ਼ਬੂ ਦੇ ਚੰਦਨ ਦਾ ਨਾਂ
ਜੋ ਘਰ ਦੀ ਜ਼ੁਬਾਨ ਤੇ
ਸ਼ਹਿਦ ਘੋਲ ਦਿੰਦਾ ਸੀ
ਘਰ ਦੇ ਦਰ ਤੇ
ਆਈਆਂ ਬਲਾਵਾਂ ਮੋੜ ਦਿੰਦਾ ਸੀ

-0-

ਚਿਹਰਾ ਬੋਲਿਆ
ਐ ਦਰਪਣ
ਮੈਂ ਸੂਰਜ ਸਾਂ ਕਦੀ
ਚੜ੍ਹਦੀ ਸਵੇਰ ਦਾ
ਚਿਹਰਾ ਹਾਂ ਅੱਜ ਮੈਂ
ਆਪਣੇ ਹੀ ਹਨ੍ਹੇਰ ਦਾ
ਮੇਰੀ ਤਾਜ਼ਗੀ ਜਵਾਨੀ
ਰੰਗ ਰੂਪ ਤੇ ਹੁਸਨ
ਜੀਵਨ ਸੈਂਸਿਆਂ ਦੇ ਭਾਰ
ਹੇਠ ਆ ਗਿਆ ਹੈ
ਮੇਰੇ ਚਿਹਰੇ ਦੀ ਮਾਸੂਮੀਅਤ
ਤੇ ਜਿਸਮ ਦੀ ਖ਼ੁਸ਼ਬੂ

ਘਰ ਦਾ ਚੁੱਲ੍ਹਾ ਚੌਂਕਾ
ਲੂਣ ਤੇਲ ਲੱਕੜੀਆਂ ਤੇ ਵਸੇਬਾ
ਖਾ ਗਿਆ ਹੈ
ਮੇਰੇ ਚੋਂ ਆਉਣ ਵਾਲੇ
ਨਾ ਬੀਤੇ ਸਾਲਾਂ
ਦਾ ਉੱਗਿਆ ਜੰਗਲ
ਮੇਰੇ ਨੈਣਾਂ ਦੀ ਚਮਕ
ਤੇ ਸੁਰਖ਼ ਬੁੱਲ੍ਹਾਂ ਦੀ ਲਾਲੀ
ਮੁਕਾ ਗਿਆ ਹੈ

–0–

ਮੇਰੀ ਚੜ੍ਹਦੀ ਜਵਾਨੀ
ਖਿੜਦਾ ਹੁਸਨ
ਗਦਰੇ ਜਿਸਮ ਦੇ ਅੰਗਾਂ
ਤੇ ਨਕਸ਼ਾਂ 'ਚ
ਬੇਵਸੀਆਂ ਮਜ਼ਬੂਰੀਆਂ
ਤੇ ਜ਼ਿੰਮੇਂਵਾਰੀਆਂ ਦੇ
ਕਈ ਨੈਣ ਤੇ ਕਈ ਸਿਰ
ਉੱਗਾ ਗਿਆ ਹੈ
ਮੇਰੀ ਜਵਾਨੀ 'ਚ ਹੀ
ਮੇਰਾ ਲਹੂ ਠਰ ਗਿਆ
ਛੋਟੀਆਂ ਛੋਟੀਆਂ ਲੋੜਾਂ ਲਈ
ਘਰ ਦਾ ਗਤੀ ਰਹਿਤ ਵਜ਼ੂਦ
ਮੇਰੇ ਚਿਹਰੇ ਤੇ ਬੁੱਢਾਪਾ ਧਰ ਗਿਆ

–0–

ਐ ਦਰਪਣ
ਇਹ ਚਿਹਰਾ
ਜੋ ਤੇਰੀ ਅੱਖ ਦਾ ਵਸੇਰਾ ਹੈ
ਸ਼ਾਇਦ
ਉਮਰ ਤੋਂ ਪਹਿਲਾਂ ਹੀ
ਹੋਇਆ ਵੱਡੇਰਾ ਹੈ

----

# ਚੁੱਪ ਇਕਾਂਤ ਤੇ ਉਹ

ਉਹ ਆਪਣੇ ਅੰਦਰਲੇ
ਸ਼ੋਰ ਨਾਲ ਟਕਰਾ ਗਿਆ
ਤੇ ਚੁੱਪ ਹੋ ਗਿਆ
ਆਪਣੀ ਇਕਾਂਤ 'ਚ
ਤੁਰ ਗਿਆ
ਜਿੱਥੇ ਸਿਰਫ਼ ਇਕਾਂਤ ਚੁੱਪ
ਤੇ ਉਹ ਸੀ
ਹੋਰ ਕੋਈ ਨਹੀਂ ਸੀ

−0−

ਨਾ ਕਿਸੇ ਰਿਸ਼ਤੇ-ਦੀ ਮਹਿਕ
ਨਾ ਬੋਲ ਨਾ ਸੁਰ
ਉਸਦੀ ਨਜ਼ਰ 'ਚ
ਚੜ੍ਹਦਾ ਤੇ ਡੁੱਬਦਾ ਸੂਰਜ ਸੀ
ਉਸ ਦਾ ਚਿਹਰਾ ਸੀ
ਜੋ ਚਿਹਰਿਆਂ ਦੇ ਸਾਗਰ ਤੋਂ
ਅਲੱਗ ਹੋ ਕੇ ਡੰਭਿਆ ਗਿਆ ਸੀ
ਉਂਸ ਚੋਂ
ਨਕਸ਼ ਤੇ ਅੰਗ ਨੁਚੜ ਗਏ ਸਨ
ਤੇ
ਉਹ ਸੁੱਕੇ ਪੱਤੇ ਦੀ ਤਰ੍ਹਾਂ
ਹਵਾ 'ਚ ਹਰਿਆਂ ਪੱਤਿਆਂ ਦਾ
ਜੰਗਲ ਤਲਾਸ਼ ਰਿਹਾ ਸੀ

−0−

ਉਸਨੂੰ ਕੰਡ ਪਿੱਛੇ
ਸ਼ੋਰ ਤੇ ਰੌਣਕ 'ਚ ਵਿਚਰਦੀ
ਆਪਣੀ ਚੁੱਪ ਨਜ਼ਰ ਆਈ
ਪਿੱਛੇ ਰਹਿ ਗਏ ਭੁੱਲਾਂ ਦੇ
ਚਿਹਰੇ
ਕਲੀਆਂ ਦੀ ਮਹਿਕ
ਵੱਖ-ਵੱਖ ਰੰਗਾਂ ਦੇ ਪੰਛੀ
ਤੇ ਮੋੜ ਤੇ ਲੱਗਾ
ਪਿੱਪਲ ਦਾ ਰੁੱਖ ਯਾਦ ਆਇਆ
ਜੋ ਉਸਦਾ
ਆਉਂਦੇ ਜਾਂਦੇ ਦਾ ਹਾਲ ਪੁੱਛਦਾ ਸੀ
ਉਸਦੇ ਦੁੱਖ ਸੁੱਖ ਦਾ ਸਾਥੀ ਸੀ

-0-

ਅੰਬਾਂ ਦੇ ਬਾਗ਼ਾਂ ਦੀ ਮਹਿਕ
ਕੋਇਲ ਦਾ ਬ੍ਰਿਹਾ
ਉਸਦੇ ਫੇਫੜਿਆਂ ਨੂੰ ਚੀਰ ਗਿਆ
ਉਸਨੂੰ ਪਿੱਛੇ ਰਹਿ ਕਈ
ਭੀੜ ਦਾ ਵਜ਼ੂਦ
ਤੇ ਉਸ ਵਜ਼ੂਦ 'ਚ ਆਪਣਾ ਆਪ
ਗੁਆਚਿਆ ਨਜ਼ਰ
ਆਇਆ

-0-

ਭੀੜ ਦਾ ਬੇਅਰਥ ਸਫ਼ਰ
ਸ਼ਹਿਰ ਦੇ ਚੌਂਕਾਂ ਤੋਂ ਸ਼ੁਰੂ ਹੋ ਕੇ
ਸ਼ਹਿਰ ਦੀਆਂ ਸੜਕਾਂ 'ਚ
ਸਮਾ ਜਾਂਦਾ
ਤੇ
ਉਹ ਸੜਕ ਦੀ ਗਤੀ ਹੀਣਤਾ
'ਚ ਉਤਰ ਕੇ
ਆਪਣੇ ਸਫ਼ਰ ਦੀ ਗਤੀ ਨੂੰ
ਪਕਾਰਦਾ ਨਜ਼ਰ ਆਇਆ
ਉਸਦੇ ਮੂੰਹ ਤੇ
ਰੰਗੀਲੀ ਦੁਨੀਆਂ ਦਾ ਹੁਸਨ
ਨਕਸ਼ ਤੇ ਚਿਹਰਾ ਉੱਗ ਆਇਆ
ਜੋ ਉਸਦੀ ਕੰਡ ਪਿੱਛੇ
ਗੁਆਚ ਗਿਆ ਸੀ

-0-

ਜੁਆਨੀ ਦੇ ਨਿੱਘੇ ਪਲ
ਜਿਨ੍ਹਾਂ ਤੇ ਉਹ ਆਪਣੇ ਹੱਡ ਸੇਕਦਾ ਸੀ
ਉਸ ਚੋਂ ਮਨਫ਼ੀ ਹੋ ਗਏ
ਨਜ਼ਰ ਆਏ
ਉਹ ਪਲਕਾਂ
ਜਿਨ੍ਹਾਂ ਦੀ ਛਾਵੇਂ ਬਹਿੰਦਾ ਸੀ
ਉਹ ਬੋਲ ਜਿਨ੍ਹਾਂ ਨੂੰ ਸੁਣਨ ਲਈ
ਮੁਰਦੇ ਵੀ ਤਰਸਦੇ ਸੀ

ਉਸਦੀ ਨਜ਼ਰ-ਚੋਂ
ਨੁਚੜ ਗਏ
ਉਹ ਉਨ੍ਹਾਂ ਤੋਂ
ਬਹੁਤ ਅੱਗੇ ਨਿਕਲ
ਆਇਆ ਸੀ
ਉਹ ਚਿਹਰਾ, ਅੱਖ੍ਹਾਂ, ਬੋਲ
ਉਹ ਨਕਸ਼
ਅਜੇ ਵੀ ਉਸਦੀ ਪਿੱਠ ਤੇ
ਚਿਪਕੇ ਸਨ

-0-

ਸਭ ਤੋਂ ਵਧ
ਉਸਨੂੰ ਆਪਣੇ ਘਰ ਦਾ ਦਰ
ਜੋ ਉਸਨੂੰ
ਅੱਧੀ ਅੱਧੀ ਰਾਤ ਤੱਕ
ਉੱਡੀਕਦਾ ਰਹਿੰਦਾ
ਉਹ ਕੰਧਾਂ, ਵਿਹੜਾ, ਘਰ
ਤੇ ਬਨੇਰ੍ਹੇ
ਜੋ ਉਸਦੀ ਉੱਡੀਕ 'ਚ
ਰਾਹ ਬਣੇ ਰਹਿੰਦੇ ਸਨ
ਉਸਦੀ ਮਾਂ
ਜੋ ਆਪਣੀ ਨੀਂਦਰ ਕਿੱਲੀ ਤੇ ਟੰਗ
ਉਸਦੀ ਉੱਡੀਕ 'ਚ
ਸਰਦਲ ਤੇ ਸਿਲ ਪੱਥਰ
ਬਣੀ ਰਹਿੰਦੀ ਸੀ

ਉਸਦੀਆਂ ਅੱਖ੍ਹਾਂ 'ਚ ਤੈਰ ਗਏ
ਬਾਪੂ ਦੀਆਂ ਝਿੜਕਾਂ
ਉਸਦੀਆਂ ਅੱਖ੍ਹੀਆਂ ਚੋਂ
ਅੱਥਰੂ ਬਣ ਵਹਿ ਗਈਆਂ
ਉਸਦੇ ਪੈਰਾਂ ਦੀ ਆਹਟ ਲਈ
ਕੰਨ ਹੋਈਆਂ ਗਲੀਆਂ ਦੇ ਵਜ਼ੂਦ
ਨੂੰ ਯਾਦ ਕਰ
ਉਹ ਆਪਣੀ ਇਕਾਂਤ ਤੇ ਚੁੱਪ 'ਚ
ਸਿਰ ਤੋਂ ਪੈਰਾਂ ਤੱਕ ਭਿੱਜ ਗਿਆ

-0-

ਉਸਦੇ ਕੰਨ
ਅਵਾਜ਼ ਲਈ ਤਰਸਦੇ
ਉਸਦੀਆਂ ਅੱਖ੍ਹਾਂ
ਉਸਦੀ ਪਿੱਠ ਨੂੰ ਮੂੰਹ ਅੱਗੇ
ਰੱਖ ਕੇ
ਉਸ 'ਚ ਉਤਰ ਜਾਂਦੀਆਂ
ਉਸਦੀ ਜ਼ੁਬਾਨ ਚੁੱਪ ਤੋੜਣ ਲਈ
ਸੂਲ਼ੀ ਤੇ ਟੰਗੀ ਜਾਂਦੀ
ਉਸਦੀ ਨੀਂਦਰ ਸਾਰੀ ਸਾਰੀ ਰਾਤ
ਸੁਫ਼ਨਿਆਂ ਦੇ ਆਉਣ ਦੀ ਉੱਡੀਕ 'ਚ
ਜਾਗਦੀ ਰਹਿੰਦੀ
ਉਸਦੀਆਂ ਨਜ਼ਰਾਂ

ਕਿਸੇ ਸੁੰਦਰ ਬੁੱਤ ਦੀ ਤਲਾਸ਼ 'ਚ
ਉਸਦਾ ਚਿਹਰਾ ਤਿਆਗ
ਦਿਸਹੱਦਿਆਂ ਤੋ ਪਾਰ ਤੱਕਦੀਆਂ
ਉਸਦੀ ਇਕਾਂਤ ਤੇ ਚੁੱਪ ਨੇ
ਉਸ ਚੋਂ ਸਭ ਕੁੱਝ ਨਿਚੋੜ ਲਿਆ

-0-

ਉਸਦਾ ਅੰਗ ਅੰਗ
ਨਕਸ਼ ਨਕਸ਼
ਉਸਤੋ ਅੱਡ ਹੋ ਗਿਆ
ਉਹ ਇਕਾਂਤ ਦੀ ਇਕਾਂਤ
ਚੁੱਪ ਦੀ ਚੁੱਪ ਹੋ ਗਿਆ
ਉਹ ਆਪਣੀ ਇਕਾਂਤ
ਤੇ ਚੁੱਪ 'ਚ ਲਟਕਦਾ ਹੋਇਆ ਵੀ
ਆਪਣੀ ਪਿੱਠ ਤੇ ਲੱਗੇ ਨੱਕ
ਥਾਣੀ ਸਾਹ ਲੈ ਰਿਹਾ ਸੀ

-0-

ਉਸਨੇ
ਆਪਣੇ ਅੰਗਾਂ ਨਕਸ਼ਾਂ ਨੂੰ
ਇਕੱਠਿਆਂ ਕੀਤਾ
ਆਪਣੀ ਦੇਹ ਦੀ
ਪੋਟਲੀ ਬਣਕੇ
ਵਾਪਿਸ
ਸ਼ੋਰ ਤੇ ਭੀੜ ਦੇ
ਬੇਅਰਥ ਸਫ਼ਰ ਤੇ ਪਰਤ ਗਿਆ

ਸਫ਼ਰ ਜੋ ਬੇਅਰਥ ਤਾਂ ਸੀ
ਪਰ ਗਤੀ ਰਹਿਤ ਨਹੀਂ ਸੀ
ਇਕਾਂਤ ਤੇ ਚੁੱਪ ਦਾ ਸਫ਼ਰ
ਪੱਥਰ ਸੀ ਗਤੀ ਰਹਿਤ ਸੀ
ਭੀੜਾਂ 'ਚ ਗੁਆਚਾ
ਸ਼ੋਰ 'ਚ ਚੁੱਪ
ਬੰਦਾ ਜੀਅ ਸਕਦਾ ਹੈ
ਪਰ ਇਕਾਂਤ ਤੇ ਚੁੱਪ 'ਚ
ਨਾ ਬੰਦਾ ਮਰ ਸਕਦਾ ਹੈ
ਨਾ ਬੰਦਾ ਜੀਅ ਸਕਦਾ ਹੈ

-----

## ਬੱਦਲ

ਆ
ਬੱਦਲ ਤੇਰੇ ਵਾਲੀਂ ਟੁੰਗਾਂ!
ਹਿਰਦੇ ਧਰਤ ਵਸਾਵਾਂ
ਅੰਬਰ ਤੇਰੇ ਨੈਣੀ ਪਾ ਕੇ
ਮੈਂ ਪੰਛੀ ਹੋ ਜਾਵਾਂ

-0-

ਵਗਾਂ ਤੇਰੀ ਦੇਹ ਦੇ ਵਿਹੜੇ
ਬਣ ਹਵਾ ਦਾ ਬੁੱਲਾ
ਤੁਰਾਂ ਤੇਰੇ ਸੰਗ ਮੁੱਠੀ ਫੜਕੇ
ਅੰਬਰ ਖੁੱਲਮਖੁਲ੍ਹਾ

-0-

ਗਲੀਆਂ ਚੁੱਪ ਬੋਲ ਉੱਡੀਕਣ
ਚੌਕ ਉੱਡੀਕਣ ਰਾਹਾਂ
ਅੱਗਾਂ ਭੌਂਦੀਆਂ ਚੁੱਲ੍ਹੇ ਲੱਭਣ
ਤੇ ਰੁੱਖ ਲੱਭਣ ਛਾਵਾਂ

੦-

ਸੂਰਜ ਬਣਕੇ ਜਦ ਚੜ੍ਹੇਂ
ਡੁੱਬਦੇ ਵੱਲ ਵੀ ਆਵੀਂ
ਸੇਕ ਲਏਂ ਜਦ ਆਪਣੀ ਧੁੱਪ ਨੂੰ
ਸਾਡੀ ਛਾਂ ਹੰਢਾਵੀਂ

------

## ਸ਼ਹਿਰ ਤੇ ਧੂੰਆਂ

ਥੇਹ ਹੋਏ ਸ਼ਹਿਰ ਚੋਂ
ਧੂੰਆਂ ਉੱਠਦਾ ਹੈ
ਖੰਡਰਾਂ ਉਜਾੜਾਂ
ਉਦਾਸੀਆਂ ਚੋਂ ਗੁਜ਼ਰਦਾ ਹੈ

-0-

ਮੌਸਮ ਬਹਾਰਾਂ ਰੁੱਤਾਂ
ਕਲੀਆ ਦੀਆਂ ਮਹਿਕਾਂ
ਸਿਰਜਦਾ ਹੈ
ਤਿੱਤਲੀਆਂ ਭੌਰਿਆਂ ਦੇ
ਪਿੰਡੇ ਚੋਂ ਨੁਚੜਦੇ ਰੰਗ
ਫੜਦਾ ਹੈ
ਰੁੱਖਾਂ ਦੀਆਂ ਛਾਵਾਂ
ਦਰਿਆਵਾਂ ਨਦੀਆਂ ਦੀਆਂ ਤੋਰਾਂ
ਪੰਛੀਆਂ ਦੇ ਗੀਤ
ਰੱਬੀ ਨਿਹਮਤਾਂ ਤੇ ਰਹਿਮਤਾਂ
ਇਕੱਠੀਆਂ ਕਰਦਾ ਹੈ
ਥੇਹ ਹੋਏ ਸ਼ਹਿਰ ਦੇ ਅੰਗ
ਤੇ ਨਕਸ਼ ਘੜਦਾ ਹੈ

-0-

ਸ਼ਹਿਰ ਦੇ ਖੰਡਰ ਚੋਂ
ਝਾਕਦੇ ਨੈਣ
ਸ਼ਹਿਰ ਦੇ ਖੰਡਰ 'ਚ

ਸੂਰਜ ਚੰਨ ਸਿਤਾਰੇ
ਧਰਦੇ ਹਨ
ਸ਼ਹਿਰ 'ਚ ਵਸਦੇ
ਚਿਹਰਿਆਂ ਦੀਆਂ ਗੱਲਾਂ ਕਰਦੇ ਹਨ

-0-

ਸ਼ਹਿਰ
ਜਦ ਰਾਤ ਨੂੰ ਜਗਦਾ ਸੀ
ਉਤਰਿਆ ਧਰਤੀ ਤੇ
ਤਾਰਕਾ ਮੰਡਲ ਲੱਗਦਾ ਸੀ
ਸੜਕਾਂ ਤੇ ਬਣ ਠਣ ਕੇ
ਜਦ ਰੰਗ ਨਿਕਲਦੇ ਸਨ
ਤੱਕ ਕੇ ਰੰਗਾਂ ਦੇ ਜਲਵੇ
ਪੱਥਰ ਪਿਘਲਦੇ ਸਨ
ਰੰਗਾਂ ਦੀਆਂ
ਨਜ਼ਰਾਂ ਦੇ ਕਬੂਤਰ
ਜਦ ਅੰਬਰੀਂ ਉੱਡਦੇ ਸਨ
ਰੰਗਾਂ ਦੇ ਸੁਫ਼ਨਿਆਂ ਦਾ ਸੱਚ
ਲਿਆ
ਧਰਤੀ ਤੇ ਧਰਦੇ ਸਨ

-0-

ਇਨ੍ਹਾਂ ਸ਼ਰਬਤੀ ਰੰਗ ਦੇ
ਰੰਗਾਂ ਦੇ
ਨੈਣ ਨੀਲੇ ਸਨ
ਜੋ ਨੂਰ ਦੇ ਹਵਾਲੇ ਸਨ

ਸ਼ਹਿਰ ਦੇ ਫੁੱਲਕਾਰੀ ਅੰਬਰ ਤੇ
ਇਨ੍ਹਾਂ ਰੰਗਾਂ
ਸੋਨੇ ਦੇ ਸੂਰਜ ਬਾਲੇ ਸਨ
ਚਾਂਦੀ ਦੀ ਧਰਤ
ਪੈਰਾਂ 'ਚ ਵਿਛਾਈ ਸੀ
ਰੰਗਾਂ ਖੁਸ਼ਬੂਆਂ ਦੀ ਬਹਾਰ
ਸ਼ਹਿਰ ਤੇ ਆਈ ਸੀ
ਵੱਖ ਵੱਖ ਰੰਗਾਂ ਦੇ ਪੰਛੀ
ਨੱਚਦੇ ਟੱਪਦੇ
ਵੱਖ-ਵੱਖ ਬੋਲਦੇ ਬੋਲੀ
ਖੇਡਣ ਪਿਆਰ ਦੀ ਹੋਲੀ

-0-

ਸ਼ਹਿਰ ਚੋਂ ਉੱਠਦਾ ਧੂੰਆਂ
ਆਪਣੇ ਮੰਕਸਦ ਤੇ ਪੁੱਜਾ
ਆਪਣਾ ਸੱਚ ਵੇਖਣ ਲਈ
ਖੰਡਰ 'ਚ ਸ਼ਹਿਰ ਬੀਜਣ
ਲਈ ਰੁੱਝਾ
ਸ਼ਹਿਰ ਦੇ ਪਿੰਡੇ 'ਚ ਧਰਨ ਲਈਂ
ਰੌਸ਼ਨੀਆਂ
ਧੂੰਏ ਨੇ ਲਾਟ ਤੋਂ ਸੂਰਜ ਦਾ
ਰੂਪ ਵਟਾਇਆ
ਧੂੰਆਂ ਹੰਢਾ ਰਹੇ ਲੋਕਾਂ
ਖੰਡਰ ਦਾ ਸਫ਼ਰ ਮੁਕਾਇਆ ਹੈ
ਤੇ ਆਪਣੇ ਸੁਫ਼ਨਿਆਂ ਦਾ ਸ਼ਹਿਰ
ਖੰਡਰ ਚੋਂ ਉੱਗਾਇਆ ਹੈ

----

# ਚਿਹਰਾ ਤੇ ਜੰਗਲ

ਉਸਦੇ ਚਿਹਰੇ ਤੇ
ਜੰਗਲ ਦਾ ਡਰ ਨਹੀਂ ਸੀ
ਜੰਗਲ ਦੀਆਂ
ਅੱਖਾਂ 'ਚ ਉਸਦਾ ਭੈਅ ਸੀ
ਕਿਉਂਕਿ
ਉਹ ਮਨੁੱਖ ਸੀ
ਉਸਦੀ ਸੂਲੀ ਤੇ ਲਟਕਦਾ
ਜੰਗਲ ਦਾ ਹਰ ਸੁੱਖ ਸੀ

-0-

ਜੰਗਲ
ਸ਼ੇਰ ਹਾਥੀ ਬਗਿਆੜ
ਚੀਤਾ ਗੇਂਡਾ ਲੂੰਬੜੀ
ਤੇ ਕਿੰਗ ਕੋਬਰਾ ਜਿਹੇ
ਖਤਰਨਾਕ ਤੇ ਚਲਾਕ
ਜਾਨਵਰ
ਉਸਦੇ ਚਿਹਰੇ ਚੋਂ ਵੇਖਦਾ ਸੀ
ਭੇਡਾਂ ਬੱਕਰੀਆਂ ਹਿਰਨਾਂ
ਗਊਆਂ ਤੇ ਖ਼ਰਗੋਸ਼ਾਂ ਦੀ
ਜੂਨ ਆਪ ਹੰਢਾਉਂਦਾ ਸੀ
ਆਪਣਾ ਲਹੂ ਉਬਾਲਦਾ ਸੀ
ਜਿਸ ਲਹੂ ਦਾ ਤਾਅ

ਉਹ ਜੰਗਲ 'ਚ ਪੈਰ ਧਰਦੇ ਹੀ
ਪੀ ਗਿਆ ਸੀ
ਤੇ ਜੰਗਲ ਠੰਡੇ ਲਹੂ ਦਾ
ਸਰਾਪ ਜੀਅ ਰਿਹਾ ਸੀ

-0-

ਜੰਗਲ
ਆਪਣੇ ਅੰਗ ਨਕਸ਼
ਉਸਦੇ ਚਿਹਰੇ ਚੋਂ ਸਿਰਜਦਾ
ਜੰਗਲ ਦਾ ਚਿਹਰਾ
ਅੰਗਾਂ ਬਿਨਾਂ ਨਕਸ਼ਾਂ ਬਿਨਾਂ
ਸ਼ਨਾਖ਼ਤ ਰਹਿਤ ਸੀ
ਜੰਗਲ
ਆਪਣੀ ਪਹਿਚਾਣ ਰੁੱਖਾਂ ਨੂੰ
ਦੱਸਣ ਲਈ
ਆਪਣਾ ਸੱਚ ਰੁੱਖਾਂ ਦੀ ਤਲੀ
ਤੇ ਧਰਨ ਲਈ
ਜਦ ਵੀ ਆਪਣੇ ਬੀਜ ਚੋਂ
ਉੱਗਿਆ
ਸ਼ੀਸ਼ੇ ਦਾ ਜੰਗਲ ਬਣਕੇ
ਉੱਗਿਆ

-0-

ਜੋ ਜੰਗਲ ਦੀ
ਆਪਣੀ ਪਹਿਚਾਣ ਨਹੀਂ ਸੀ
ਆਪਣੀ ਸਿਆਣ ਨਹੀਂ ਸੀ
ਜਿਸ ਬਿਨ

ਜੰਗਲ ਰੁੱਖਾਂ ਲਈ ਪਰਾਇਆ ਸੀ
ਰੁੱਖ ਜੰਗਲ ਲਈ ਪਰਾਏ ਸਨ
ਜੰਗਲ ਦੀ
ਸਿਆਣ ਤੇ ਪਹਿਚਾਣ
ਉਹ
ਜੰਗਲ ਦੇ ਬੀਜ ਚੋਂ ਹੀ ਮੁਕਾ ਗਿਆ
ਜੰਗਲ ਦੇ ਬੀਜ 'ਚ
ਸ਼ੀਸ਼ੇ ਦਾ ਅੰਕੁਰ ਬਿਠਾ ਗਿਆ
ਜੰਗਲ ਦੀ ਸ਼ਨਾਖ਼ਤ
ਜੰਗਲੀ ਹਰਿਆਵਲ ਸੀ
ਉਹ ਹਰਿਆਵਲ ਦੀ ਥਾਂ
ਬੀਜ ਦੀ ਕੁੱਖ ਸ਼ੀਸ਼ੇ ਦੀ
ਬਣਾ ਗਿਆ ਸੀ

-0-

ਹੁਣ ਜੰਗਲ ਚੋਂ ਜੰਗਲ
ਨਹੀਂ ਸੀ ਉੱਗਦਾ
ਸ਼ੀਸ਼ੇ ਦੇ ਸ਼ਹਿਰ ਉੱਗਦੇ ਸਨ
ਜਿਨ੍ਹਾਂ ਸਦਕਾ
ਜੰਗਲ ਰੁੱਖਾਂ ਲਈ
ਅਜ਼ਨਬੀ ਤੇ ਪਰਾਏ ਸਨ
ਇਕ ਦੂਜੇ ਦਾ ਨਾ ਦਰਪਣ ਸਨ
ਨਾ ਚਿਹਰਾ ਸਨ
ਨਾ ਜਿਸਮ ਸਨ ਨਾ ਸਾਏ ਸਨ

----

## ਲਿਬਾਸ

ਹਰ ਮਨੁੱਖ
ਹਰ ਰੁੱਖ ਦੇ ਅੰਦਰ
ਚੁੱਪ ਇਕੱਲਤਾ ਉਦਾਸੀ
ਤੇ ਧੁੰਧੂਕਾਰੇ ਦਾ ਵਾਸ ਹੈ
ਰੁੱਖ ਬੰਦੇ ਵਾਂਗ
ਬੰਦਾ ਰੁੱਖ ਵਾਂਗ
ਤੁਰਦਾ ਜਾ ਰਿਹਾ ਹੈ
ਆਪਣੇ ਆਸੇ ਪਾਸੇ
ਉਤੇ ਥੱਲੇ
ਚੁੱਪ ਇਕੱਲਤਾ ਉਦਾਸੀ
ਤੇ ਧੁੰਧੂਕਾਰਾ ਉੱਗਾ ਰਿਹਾ ਹੈ
ਜਿਸਦਾ ਮਨੁੱਖ ਨੂੰ
ਅਹਿਸਾਸ ਨਹੀਂ
ਜਿਸਦੇ ਸੱਚ ਦਾ ਮਨੁੱਖ
ਨੂੰ ਵਿਸ਼ਵਾਸ ਨਹੀਂ

-0-

ਸ਼ਾਇਦ
ਇਹ ਮਨੁੱਖ ਦਾ ਸੱਚ ਹੈ
ਜੋ ਹਰਿਆਵਲ ਤੋਂ ਸ਼ੁਰੂ ਹੋ ਕੇ
ਮਨੁੱਖ ਦੇ ਆਦਿ ਵੱਲ ਜਾ ਰਿਹਾ ਹੈ
ਮਨੁੱਖ ਤੇ ਰੁੱਖ ਦਾ ਸਾਗਰ
ਸ਼ਹਿਰਾਂ ਚੋਂ ਜਨਮਿਆ ਹੈ
ਸ਼ਹਿਰਾਂ 'ਚ ਸਮਾ ਰਿਹਾ ਹੈ

-0-

ਇਹ ਮੌਸਮ
ਬਹਾਰਾਂ ਰੁੱਤਾਂ
ਰੰਗ ਖ਼ੁਸ਼ਬੂਆਂ
ਜੀਵਨ ਦਾ ਸੱਚ ਨਹੀਂ
ਇਹ ਜੀਵਨ ਸੱਚ ਦੇ
ਦੁਆਲੇ ਦਾ ਭਰਮ ਹੈ
ਇਹ ਭਰਮ
ਮਨੁੱਖ ਦੀ ਕਰਨੀ ਦਾ ਕਰਮ ਹੈ
ਕਿ ਮਨੁੱਖ ਜੋ ਚਾਹੇ
ਆਪਣੇ ਦੁਆਲੇ ਸਿਰਜ
ਸਕਦਾ ਹੈ
ਸਿਰਜਿਆ ਵੇਖ ਸਕਦਾ ਹੈ

-0-

ਪਰ ਰੁੱਖ ਤੇ ਮਨੁੱਖ ਦੀ
ਅੰਦਰਲੀ ਚੁੱਪ ਇਕੱਲਤਾ
ਉਦਾਸੀ ਤੇ ਧੁੰਧੂਕਾਰਾ
ਬਾਹਰ ਦੀਆਂ
ਬਹਾਰਾਂ ਰੌਣਕਾਂ ਦਾ ਸੱਚ ਹੈ
ਜੋ
ਨਾ ਰੁੱਖ ਨਾ ਮਨੁੱਖ
ਆਪਣੇ ਕਰਮ ਸਦਕਾ ਉੱਗਾ
ਸਕਦਾ ਹੈ
ਨਾ ਮਿਟਾ ਸਕਦਾ ਹੈ

-0-

ਅੰਦਰਲਾ ਸੱਚ

ਰੁੱਖ ਤੇ ਮਨੁੱਖ ਦੇ ਜੰਮਣ ਤੋਂ
ਪਹਿਲਾਂ ਦਾ ਸੱਚ ਹੈ
ਮਨੁੱਖ ਤੇ ਰੁੱਖ ਦੇ ਆਦਿ
ਦਾ ਸੱਚ ਹੈ
ਇਹ ਰੁੱਖ ਤੇ ਮਨੁੱਖ
ਦੇ ਜਨਮ ਤੋਂ ਪਹਿਲਾਂ ਵੀ
ਆਬਾਦ ਹੈ
ਮਰਨ ਤੋਂ ਪਿੱਛੋਂ ਵੀ ਆਬਾਦ ਹੈ
ਮਨੁੱਖ ਤੇ ਰੁੱਖ ਦਾ ਅੰਤ
ਉਸ ਸੱਚ ਦਾ ਲਿਬਾਸ ਹੈ
ਲਿਬਾਸ ਦਾ ਸੱਚ ਨਹੀਂ
ਲਿਬਾਸ ਦਾ ਸੱਚ
ਜੀਵਨ ਮੌਤ ਤੋਂ ਆਰ ਪਾਰ ਹੈ

-----

## ਗਲੀ ਦੇ ਦੋ ਪਾਸੇ

ਉਸਦੇ ਬੋਲਾਂ ਦੁਆਲੇ
ਬੋਲਾਂ ਦੀ ਉਸਾਰੀ ਚੁੱਪ ਦਾ
ਪਹਿਰਾ ਸੀ
ਜੇ ਉਹ ਬੋਲਦਾ ਤਾਂ ਹੈਵਾਨ ਸੀ
ਜੇ ਉਹ ਚੁੱਪ ਸੀ ਤਾਂ ਇਨਸਾਨ ਸੀ

-0-

ਉਸਦੇ ਦੁਆਲੇ
ਚਿਣੀਆਂ ਦੀਵਾਰਾਂ ਦੀਆਂ
ਇੱਟਾਂ ਦੇ ਬੋਲ
ਉਸਦੇ ਸਵਾਸਾਂ
ਉਸਦੇ ਦਿਲ ਦੀ ਧੜਕਣ ਤੇ
ਪਹਿਰਾ ਸਨ
ਉਸਦੀ ਬੋਲਣੀ ਤੱਕਣੀ
ਉਸਦੇ ਕਲਬੂਤ ਚੋਂ
ਆਉਂਦੀ ਮਹਿਕ ਤੇ
ਪਹਿਰਾ ਸਨ
ਉਸ ਵਿਚ ਵਿਚਰਦੀ ਜ਼ਿੰਦਗੀ
ਤੇ ਪਲਰਦੀ ਮੌਤ ਤੇ
ਪਹਿਰਾ ਸਨ

-0-

ਇਸ ਪਹਿਰੇ ਨੇ
ਉਸਦੇ ਦਾਇਰੇ ਨੂੰ
ਬਿੰਦੂ ਬਣਾ ਦਿੱਤਾ
ਉਹ ਸੁੰਘੜਿਆ ਤੇ
ਗਤੀ ਤੋਂ ਅਗਤੀ ਹੋ ਗਿਆ

-0-

ਸ਼ੋਰ ਤੋਂ ਚੁੱਪ ਹੋ ਗਿਆ
ਆਪਣੇ ਅਪ ਦੇ ਵੀ
ਕੋਲ ਨਾ ਰਿਹਾ
ਆਪਣੇ ਆਪ ਚੋਂ
ਆਲੋਪ ਹੋ ਗਿਆ
ਉਸਨੂੰ ਚੁੱਪ ਇਕੱਲਤਾ
ਤੇ ਵੀਰਾਨੀ ਨੇਂ ਘੇਰਿਆ
ਹਨ੍ਹੇਰਾ ਫੈਲਿਆ ਉਸਦੇ ਅੰਦਰ
ਰੌਣਕਾਂ ਨੇ ਉਸ ਤੋਂ ਮੂੰਹ ਫੇਰਿਆ

-0-

ਜਦ ਉਸਦੀ
ਚੁੱਪ ਉਦਾਸੀ ਇਕੱਲਤਾ ਤੇ
ਵੀਰਾਨੀ
ਆਪਣੀ ਹੱਦ ਟੱਪ ਗਈਆਂ
ਉਸਦੀ ਚੁੱਪ ਚੋਂ
ਸ਼ੋਰ ਦੀ ਨਦੀ ਵਗ ਪਈ

ਉਸਦੀ ਇਕੱਲਤਾ ਰੌਣਕ
ਵੀਰਾਨੀ 'ਚ ਬਹਾਰ ਉਤਰ ਗਈ

-0-

ਉਹ
ਆਪਣੇ ਖੋਲ ਚੋਂ ਨਿਕਲਿਆ
ਦੁਆਲੇ ਦੀਆਂ ਕੰਧਾਂ ਨੂੰ
ਮਲੀਆ ਮੇਟ ਕਰ ਗਿਆ
ਪਹਿਰਿਆਂ ਤੇ ਖੜ੍ਹੇ
ਵਜ਼ੂਦ ਖਾ ਗਿਆ
ਪਹਿਰੇ ਲੱਗੀਆਂ ਨਜ਼ਰਾਂ 'ਚ
ਪੱਥਰ ਉੱਗਾ ਗਿਆ
ਚੁੱਪ ਨੂੰ ਬੋਲਣਾ
ਪੱਥਰ ਨੂੰ ਤੁਰਨਾ
ਸਾਹਾਂ ਨੂੰ ਵਗਣਾ
ਦਿਲ ਨੂੰ ਧੜਕਣਾ ਸਿੱਖਾ ਗਿਆ
ਤੇ
ਆਪਣੇ ਅੰਦਰਲੇ ਜੰਗਲ ਨੂੰ
ਆਪਣੇ ਦੁਆਲੇ ਉੱਗਾ ਗਿਆ

-0-

ਜਿਸ ਚੋਂ
ਹੁਣ ਹਰਿਆਵਲ ਝਾਕਦੀ ਹੈ
ਹਵਾ ਵਗਦੀ ਹੈ

ਨਾ ਚੁੱਪ ਨੂੰ ਸ਼ੋਰ
ਨਾ ਸ਼ੋਰ ਨੂੰ ਚੁੱਪ ਡੰਗਦੀ ਹੈ
ਗਲੀ ਦੇ ਇਕ ਪਾਸੇ
ਜ਼ਿੰਦਗੀ ਗੁਜ਼ਰਦੀ ਹੈ
ਗਲੀ ਦੇ ਦੂਜੇ ਪਾਸੇ
ਮੌਤ ਲੰਘਦੀ ਹੈ
ਹਰ ਰੰਗ ਦੀ ਦੁਨੀਆਂ
ਹਰ ਰੰਗ 'ਚ ਵਸਦੀ ਹੈ
ਇਹ ਵੱਖਰੇ ਰੰਗਾਂ ਦੀ ਦੁਨੀਆਂ
ਬੜੀ ਦਿਲਕਸ਼ ਲੱਗਦੀ ਹੈ
ਜਿੰਸ 'ਚ ਹਰ ਰੰਗ ਨੂੰ
ਜਿਉਣ ਦਾ ਹੱਕ ਹੈ
ਹਰ ਰੰਗ ਚਾਹੇ ਹਰ ਰੰਗ ਤੋਂ ਵੱਖ ਹੈ

-----

## ਤੇਰੇ ਜਾਣ ਪਿੱਛੋਂ

ਤੂੰ ਮਹਿਫ਼ਲ 'ਚ ਸੈਂ
ਤਾਂ ਮਹਿਫ਼ਲ 'ਚ
ਸੂਰਜਾਂ ਦੇ ਕਾਫ਼ਲੇ ਸਨ
ਚੰਨਾਂ ਦੀਆਂ ਬਾਤਾਂ ਸਨ
ਤਾਰਿਆਂ ਦਾ ਘੁੰਡ ਕਢੀ
ਜਗਦੀਆਂ ਰਾਤਾਂ ਸਨ
ਕਿਰਨਾਂ ਦੇ ਹਾਜ਼ੂਮ ਸਨ
ਹਾਸਿਆਂ ਖ਼ੁਸ਼ਬੂਆਂ ਦੀਆਂ
ਸੁਗਾਤਾਂ ਸਨ

–0–

ਤੂੰ ਮਹਿਫ਼ਲ ਚੋਂ ਕੀ ਉੱਠਿਆ
ਕਿ ਸੂਰਜ ਕਾਲੇ ਹੋ ਗਏ
ਚੰਨ ਤਾਰੇ ਹਨ੍ਹੇਰੇ ਹੋ ਗਏ
ਤਾਰਿਆਂ ਦੇ ਘੁੰਡ 'ਚ
ਰਾਤਾਂ ਦਾ ਚਿਹਰਾ ਝੁਲਸਿਆ
ਕਿਰਨਾਂ ਦਾ ਹਾਜ਼ੂਮ ਬਿਖ਼ਰਿਆ
ਹਾਸਿਆਂ
ਖ਼ੁਸ਼ਬੂਆਂ ਦੀਆਂ ਸੁਗਾਤਾਂ
ਹਵਾ ਹੋਈਆਂ
ਝੀਲਾਂ ਦੇ ਤਲ ਝੀਲਾਂ ਦੇ ਮੂੰਹ
ਨੂੰ ਲੱਗੇ

ਵਗ਼ਦੀਆਂ ਨਦੀਆਂ ਦੀਆਂ ਤੋਰਾਂ
ਜਬ੍ਹਾਂ ਹੋਈਆਂ

-0-

ਸ਼ਾਇਦ ਤੇਰੇ ਪੈਰਾਂ ਸਦਕਾ ਹੀ ਸੀ
ਰੌਸ਼ਨੀ ਬਹਾਰ ਤੇ ਖ਼ੁਸ਼ਬੂ
ਤੂੰ ਹੀ ਕਲਬੂਤ ਸੀ ਮਹਿਫ਼ਲ ਦਾ
ਤੂੰ ਹੀ ਕਲਬੂਤ ਦੀ ਸੀ ਰੂਹ
ਸ਼ਾਇਦ ਤੇਰੇ ਬਿਨਾਂ
ਕਬਰਾਂ ਉਦਾਸ ਸਨ
ਸ਼ਾਇਦ ਤੇਰੇ ਬਿਨਾਂ
ਉਦਾਸੀਆਂ ਹੀ ਉਦਾਸੀਆਂ
ਰੌਣਕਾਂ ਦੇ ਪਾਸ ਸਨ
ਸ਼ਾਇਦ ਤੇਰੇ ਬਿਨਾਂ
ਪੱਤਝੜ ਦੇ ਸਾਹ ਸੁੱਕੇ ਸਨ
ਸ਼ਾਇਦ ਤੇਰੇ ਬਿਨਾਂ
ਝੀਲਾਂ ਝਰਨਿਆਂ ਚਸ਼ਮਿਆਂ
ਤੇ ਸਾਗਰਾਂ ਦੇ ਬੁੱਲ੍ਹ ਸੁੱਕੇ ਸਨ

-0-

ਉਹ
ਆਪਣੀ ਖ਼ੁਸ਼ੀ ਲਈ
ਤੈਨੂੰ ਉਠਾ ਕੇ ਲੈ ਗਏ
ਤੇਰੇ ਜਾਣ ਪਿੱਛੋਂ

ਮਹਿਫ਼ਲ ਦੀਆਂ ਕੰਧਾਂ ਛੱਤ
ਵਿਹੜਾ ਤੇ ਲੋਕ ਰੋਂਦੇ ਰਹਿ ਗਏ

-0-

ਮਹਿਫ਼ਲ
ਹੁਣ ਸਾਰਾ ਦਿਨ
ਦਰ ਤੇ ਅੱਖ਼ਾਂ ਲਾਈ ਰੱਖਦੀ ਹੈ
ਨੀਂਦ 'ਚ ਭੁਰਦੀ
ਖੁਲ੍ਹਾ ਦਰ ਰੱਖਦੀ ਹੈ
ਦਿਨੇ ਬੁੱਝਣ ਨਹੀਂ ਦਿੰਦੀ
ਰਾਤ ਭਰ ਸ਼ਮਾਂ ਜਲਾਈ
ਰੱਖਦੀ ਹੈ
ਕਈ ਪ੍ਰਵਾਨੇ
ਸ਼ਮਾਂ ਤੇ ਆਏ ਤੇ ਸੜ ਗਏ
ਸਾੜਕੇ ਆਪਾਂ ਚਾਨਣ ਕਰ ਗਏ
ਚਾਨਣ 'ਚ ਮਹਿਫ਼ਲ ਦੇ
ਹਨ੍ਹੇਰੇ ਤੋਂ ਸਿਵਾ ਕੁੱਝ ਨਜ਼ਰ
ਨਹੀਂ ਆਉਂਦਾ
ਨਾ ਤੂੰ ਦਿੱਸਦਾ ਹੈਂ
ਨਾ ਤੇਰੀ ਝਲਕ ਦਿੱਸਦੀ ਹੈ
ਹੱਸਦੀ ਮੌਤ ਦਿੱਸਦੀ ਹੈ
ਰੋਂਦੀ ਜ਼ਿੰਦਗੀ ਤੇ ਸ਼ਮਾਂ ਦਿੱਸਦੀ ਹੈ

----

## ਸਾਇਆ

ਮੈਂ
ਤੁਰਦਾ ਜਾ ਰਿਹਾ ਹਾਂ
ਮੇਰਾ
ਸਾਇਆ ਥੱਕ ਗਿਆ ਹੈ
ਤੇ ਰੁਕਣਾ ਚਾਹੁੰਦਾ ਹੈ
ਮੇਰੀ ਦੇਹ 'ਚ
ਦੋ ਪਲ ਬਹਿਣਾ ਚਾਹੁੰਦਾ ਹੈ
ਮੈਂ ਵੀ
ਰੁਕ ਕੇ ਦੋ ਪਲ ਦਮ ਭਰਾਂ
ਇਹ ਕਹਿਣਾ ਚਾਹੁੰਦਾ ਹੈ

-0-

ਮੈਂ ਆਖਿਆ ਸਾਏ ਨੂੰ
ਤੇਰੇ ਪੈਰ ਮੇਰਿਆਂ ਪੈਰਾਂ 'ਚ
ਖੜ੍ਹੇ ਹਨ
ਤੇਰੀਆਂ ਅੱਖ੍ਹਾਂ
ਮੇਰੀਆਂ ਤੱਕ ਰਹੀਆਂ
ਅੱਖ੍ਹਾਂ 'ਚ ਬੰਦ ਹਨ
ਮੇਰੇ ਪੈਰਾਂ ਹੇਠ ਆਇਆ
ਰਾਹ ਥੱਕਦਾ ਨਹੀਂ ਬਹਿੰਦਾ ਨਹੀਂ
ਤੁਰਦਾ ਹੀ ਜਾ ਰਿਹਾ ਹੈ
ਤੁਰਦਾ ਹੀ ਜਾ ਰਿਹਾ ਹੈ

ਮੇਰੀਆਂ ਨਜ਼ਰਾਂ
ਰਾਹਾਂ ਦਾ ਸੱਚ ਪਹਿਚਾਣਦੀਆਂ ਹਨ
ਮੈਂ ਤੁਰਦਾ ਹੀ ਰਹਾਂ
ਇਹ ਦੱਸਦੀਆਂ ਹਨ !
ਇਹ ਜਾਣਦੀਆਂ ਹਨ

-0-

ਤੂੰ ਆਪਣੇ ਪੈਰਾਂ ਨਾਲ ਤੁਰੇਂ
ਆਪਣੀਆਂ ਅੱਖ੍ਹਾਂ ਨਾਲ ਵੇਖੇਂ
ਰਾਹ ਮੰਜ਼ਿਲ ਤੇ ਨਜ਼ਰ ਦਾ
ਸੱਚ ਪਹਿਚਾਣੇ
ਤਾਂ ਸਾਏ ਤੋਂ ਦੇਹ ਹੋ ਜਾਏਂ
ਦੇਹ ਦਾ ਸੱਚ ਕਹਾਏਂ

-0-

ਮੈਂ ਤੁਰਦਾ ਹਾਂ
ਤਾਂ ਤੂੰ ਤੁਰਦਾ ਹੈਂ
ਮੈਂ ਰੁਕਦਾ ਹਾਂ ਤਾਂ ਤੂੰ ਰੁਕਦਾ ਹੈਂ
ਮੇਰੀ ਗਤੀ ਸਦਕਾ
ਤੂੰ ਹਿਲਦਾ ਜੁਲਦਾ ਤੇ
ਜਿਉਂਦਾ ਲੱਗਦਾ ਹੈਂ

ਮੈਂ ਸੱਚ ਜਿਉਂਦਾ ਹਾਂ
ਤੂੰ ਭਰਮ ਹੰਢਾਉਂਦਾ ਹੈਂ
ਤੂੰ ਭਰਮ 'ਚ ਵੀ ਤੁਰਦਾ
ਥੱਕ ਜਾਂਦਾ ਹੈਂ
ਮੇਰੇ ਸੱਚ 'ਚੋਂ
ਆਪਣਾ ਭਰਮ ਰੱਖ ਜਾਂਦਾ ਹੈਂ

-0-

ਮੇਰੀ ਗਤੀ ਬਿਨ
ਤੂੰ ਤਾਂ ਪੈਰ ਪੁੱਟਣ ਦੇ ਵੀ
ਸਮਰੱਥ ਨਹੀਂ
ਰਾਹ ਮੰਜ਼ਿਲ ਪੈਰ ਨਜ਼ਰਾਂ
ਕੁੱਝ ਵੀ ਤੇਰੇ ਵੱਸ ਨਹੀਂ

-0-

ਪੈਰ ਮੇਰੇ ਤੁਰਦੇ ਹਨ
ਨਜ਼ਰ ਮੇਰੀ
ਦਿੱਸਹੱਦਿਆਂ ਤੋਂ ਦਿੱਸਹੱਦਿਆਂ
ਵੱਲ ਮੁੜਦੀ ਹੈ
ਮੇਰੀ ਗਤੀ 'ਚ
ਮੇਰੀ ਊਰਜਾ ਨੁਚੜਦੀ ਹੈ
ਤੂੰ ਇਕ ਕਦਮ ਨਹੀਂ ਤੁਰਿਆ
ਥਕਾਵਟ ਤੇਰੇ 'ਚ ਸਿਰ ਤੋਂ
ਪੈਰਾਂ ਤੱਕ ਉਤਰੀ ਹੈ

ਆਪਣੀ ਗਤੀ ਦਾ ਭਰਮ
ਕਿਉਂ ਆਪਣੇ 'ਚ ਪਾਲਦਾ ਹੈਂ
ਕਿਉਂ ਪੈਰਾਂ ਬਿਨਾਂ ਧਰਤ
ਕੱਛਦਾ ਹੈਂ
ਖੰਭਾਂ ਬਿਨ ਪ੍ਵਾਜ਼ ਅੰਬਰ ਦਾ
ਉਤਾਰਦਾ ਹੈਂ

-0-

ਮੈਂ ਸੋਚਦਾ ਹਾਂ ਜਾਣਦਾ ਹਾਂ
ਜਿੱਥੇ ਵੀ ਰੁਕ ਗਿਆ
ਉੱਥੇ ਹੀ ਮੰਜ਼ਿਲ ਹੈ
ਫਿਰ ਪੈਰਾਂ ਲਈ ਕੋਈ ਰਸਤਾ
ਮੇਰੇ ਨਾ ਅੰਦਰ ਹੈ
ਇਸ ਲਈ ਮੈਂ ਬਹਿ ਕੇ
ਨਜ਼ਰਾਂ ਚੋਂ ਸਫ਼ਰ ਪੈਰਾਂ ਚੋਂ ਰਾਹ
ਗੁਆਉਣਾ ਨਹੀਂ ਚਾਹੁੰਦਾ
ਆਪਣਾ ਸੱਚ ਜਿਉਂਦਾ ਹਾਂ
ਤੇਰਾ ਭਰਮ ਹੰਢਾਉਣਾ ਨਹੀਂ ਚਾਹੁੰਦਾ
ਮੈਂ ਦੇਹ ਦਾ ਸੱਚ ਹਾਂ
ਸਾਇਆ ਅਖਵਾਉਣਾ ਨਈਂ
ਚਾਹੁੰਦਾ

-----

# ਇਕ ਘੜੀ

ਉਹ ਆਉਂਦਾ ਜਾਂਦਾ
ਮੈਨੂੰ ਮਿਲਦਾ ਹੈ
ਮੈਂ ਆਉਂਦਾ ਜਾਂਦਾ
ਉਸਨੂੰ ਮਿਲਦਾ ਹਾਂ

-0-

ਅਸੀਂ
ਇਕ ਰੁੱਖ ਛਾਵੇਂ
ਬੈਠ ਜਾਂਦੇਂ ਹਾਂ
ਉਹ
ਆਪਣਾ ਹਾਲ ਮੈਨੂੰ ਕਹਿੰਦਾ ਹੈ
ਮੈਂ
ਆਪਣਾ ਹਾਲ ਉਸਨੂੰ ਕਹਿੰਦਾ ਹਾਂ
ਫਿਰ ਕੁੱਝ ਨਹੀਂ ਹੁੰਦਾ
ਉਹ ਵੀ ਚੁੱਪ ਰਹਿੰਦਾ ਹੈ
ਮੈਂ ਵੀ ਚੁੱਪ ਰਹਿੰਦਾ ਹਾਂ

-0-

ਨਾ ਉਹ
ਮੇਰੇ ਦੁੱਖ ਦਰਦ 'ਚ ਉਤਰਦਾ ਹੈ
ਨਾ ਮੈਂ
ਉਸਦੇ ਦੁੱਖ ਦਰਦ 'ਚ ਤੈਰਦਾ ਹਾਂ

ਨਾ ਉਹ
ਮੇਰੇ 'ਚ ਠਹਿਰਦਾ ਹੈ
ਨਾ ਮੈਂ
ਉਹਦੇ 'ਚ ਠਹਿਰਦਾ ਹਾਂ

-0-

ਬਸ ਜਿਸ ਘੜੀ
ਹੀ ਮਿਲਦੇ ਹਾਂ
ਉਹ ਘੜੀ ਹੀ ਜਿਉਂਦੇ ਹਾਂ
ਉਹ ਘੜੀ ਹੀ ਖਿੱਲਦੇ ਹਾਂ
ਉਹ ਜ਼ਦ
ਮੇਰੇ ਤੋਂ ਵਿਛੜਦਾ ਹੈ
ਮੈਂ ਜ਼ਦ
ਉਸਤੋਂ ਵਿਛੜਦਾ ਹਾਂ
ਇਕ ਦੂਜੇ ਨੂੰ
ਅਲਵਿਦਾ ਕਹਿੰਦੇ ਹਾਂ
ਫਿਰ ਮਿਲਣ ਵਾਸਤੇ
ਇਕ ਦੂਜੇ ਲਈ
ਉਦਾਸ ਰਹਿੰਦੇ ਹਾਂ

-0-

ਜਦ ਫਿਰ ਮਿਲਦੇ ਹਾਂ
ਉਹ ਆਪਣਾ ਹਾਲ ਕਹਿੰਦਾ ਹੈ
ਮੈਂ ਆਪਣਾ ਹਾਲ ਕਹਿੰਦਾ ਹਾਂ
ਫਿਰ ਕੁੱਝ ਨਹੀਂ ਹੁੰਦਾ

ਉਹ ਵੀ ਚੁੱਪ ਰਹਿੰਦਾ ਹੈ
ਮੈਂ ਵੀ ਚੁੱਪ ਰਹਿੰਦਾ ਹਾਂ

-0-

ਬਸ ਮਿਲਣ ਦੀ
ਉਹ ਘੜੀ ਹੈ ਅਸਲ
ਜੋ ਉਸਨੂੰ ਦਿੱਸਦੀ ਹੈ
ਮੈਨੂੰ ਦਿੱਸਦੀ ਹੈ
ਬਾਕੀ ਉਹ ਜੋ ਕਹਿੰਦਾ ਹੈ
ਨਾ ਮੈਨੂੰ ਸੁਣਦਾ ਹੈ
ਮੈਂ ਜੋ ਕਹਿੰਦਾ ਹਾਂ
ਨਾ ਉਸ ਨੂੰ ਸੁਣਦਾ ਹੈ
ਇਸ ਲਈ ਕੁੱਝ ਨਹੀਂ ਹੁੰਦਾ
ਉਹ ਵੀ ਚੁੱਪ ਰਹਿੰਦਾ ਹੈ
ਮੈਂ ਵੀ ਚੁੱਪ ਰਹਿੰਦਾ ਹਾਂ

-0-

ਅਸਲ 'ਚ
ਸਿਰਫ਼ ਉਸ ਘੜੀ ਲਈ
ਉਹ ਮੈਨੂੰ ਮਿਲਣ ਆਉਂਦਾ ਹੈ
ਮੈਂ ਉਸਨੂੰ
ਮਿਲਣ ਜਾਂਦਾ ਹਾਂ
ਅਸੀਂ ਦੋਵੇਂ
ਆਪਣਾ ਪਿੱਛਾ ਭੁੱਲਦੇ ਹਾਂ
ਆਪਣਾ ਅੱਗਾ ਭੁੱਲਦੇ ਹਾਂ

ਇਕ ਉਹ ਘੜੀ ਜਿਉਣ ਲਈ
ਆਪਣੀ ਉਮਰ ਗੁਜ਼ਾਰ ਰਹੇ ਹਾਂ
ਆਪਣੇ ਚੋਂ ਜੀਵਨ ਨਿਚੋੜ
ਰਹੇ ਹਾਂ
ਆਪਣੇ 'ਚ ਮੌਤ ਉਤਾਰ ਰਹੇ ਹਾਂ

-0-

ਉਹ ਆਉਂਦਾ ਜਾਂਦਾ
ਮੈਨੂੰ ਮਿਲਦਾ ਹੈ
ਮੈਂ ਆਉਂਦਾ ਜਾਂਦਾ
ਉਸਨੂੰ ਮਿਲਦਾ ਹਾਂ
ਉਹ ਆਪਣਾ ਹਾਲ ਕਹਿੰਦਾ ਹੈ
ਮੈਂ ਆਪਣਾ ਹਾਲ ਕਹਿੰਦਾ ਹਾਂ
ਫਿਰ ਕੁੱਝ ਨਹੀਂ ਹੁੰਦਾ
ਉਹ ਵੀ ਚੁੱਪ ਰਹਿੰਦਾ ਹੈ
ਮੈਂ ਵੀ ਚੁੱਪ ਰਹਿੰਦਾ ਹਾਂ

-----

## ਤਲਾਸ਼

ਉਸਨੇ ਤੱਕਿਆ
ਨਾ ਮੈਂ ਜਿਉਣ ਜੋਗਾ ਰਿਹਾ
ਨਾ ਮੈਂ ਮਰਨ ਜੋਗਾ ਰਿਹਾ
ਨਾ ਉਸ ਮੈਨੂੰ
ਆਪਣਾ ਹੀ ਕਿਹਾ
ਨਾ ਉਹ ਮੇਰੇ ਲਈ
ਪਰਾਇਆ ਹੀ ਰਿਹਾ

-0-

ਮੈਂ ਉਸਦੇ
ਪਿੱਛੇ ਪਿੱਛੇ ਦੌੜਦਾ ਹਾਂ
ਉਸਨੂੰ ਪਾਉਣ ਲਈ
ਤਾਂ ਕਿ ਮੈਂ ਜਿਉਂਦਾ ਰਹਿ ਸਕਾਂ
ਉਹ ਮੇਰੇ
ਅੱਗੇ ਅੱਗੇ ਦੌੜਦਾ ਹੈ
ਕਿ ਮੈਂ ਉਸਨੂੰ ਪਾ ਨਾ ਸਕਾਂ
ਉਸ 'ਚ ਵਸ ਨਾ ਸਕਾਂ
ਉਸਨੂੰ ਆਪਣੇ 'ਚ ਵਸਾ ਨਾ ਸਕਾਂ

-0-

ਉਹ ਰੁਕਿਆ
ਤੇ ਬੋਲਿਆ
ਮੈਂ ਤੈਨੂੰ ਤੱਕਦਾ ਸਾਂ

ਤੇਰੇ ਚੋਂ ਆਪਾ ਭਾਲਦਾ ਸਾਂ
ਪਰ ਤੇਰੇ 'ਚ ਤਾਂ
ਮੇਰਾ ਕੁੱਝ ਨਹੀਂ
ਤੇ ਜਿੱਥੇ ਮੇਰਾ ਕੁੱਝ ਵੀ ਨਹੀਂ
ਉਥੇ ਮੈਂ ਰਹਿ ਨਹੀਂ ਸਕਦਾ
ਜਿਸ ਰੁੱਖ ਦੀ ਛਾਂ ਹੇਠ
ਮੇਰਾ ਜਿਸਮ ਤਪਦਾ ਹੈ
ਉਸ ਰੁੱਖ ਦੀ ਛਾਵੇਂ
ਮੈਂ ਬਹਿ ਨਹੀਂ ਸਕਦਾ

-0-

ਮੇਰੀ
ਤਲਾਸ਼ ਸੀ
ਉਸਨੂੰ ਪਾ ਕੇ ਜਿਉਣ ਦੀ
ਉਸਦੀ
ਮਰਜ਼ੀ ਨਹੀਂ ਸੀ
ਮੈਨੂੰ ਪਾ ਕੇ ਮਰਨ ਦੀ
ਉਹ
ਮੈਨੂੰ ਛੱਡ ਕੇ ਜਿਉਂਦਾ ਰਿਹਾ
ਮੈਂ
ਉਸਨੂੰ ਪਾਉਣ ਦੀ ਤਲਾਸ਼ 'ਚ
ਮਰ ਗਿਆ
ਮੇਰੀ ਤਲਾਸ਼ 'ਚ
ਜੀਵਨ ਧਰਨ ਦੀ ਥਾਂ
ਉਹ ਜਿਉਂਦੀ ਮੌਤ ਧਰ ਗਿਆ

-0-

ਅੱਜ ਮੈਂ
ਆਪਣੀ ਲਾਸ਼
ਮੋਢਿਆਂ ਤੇ ਚੁੱਕੀ
ਉਨ੍ਹਾਂ ਨੈਣਾਂ ਦੀ ਭਾਲ 'ਚ ਹਾਂ
ਜ਼ਿਨ੍ਹਾਂ ਦਾ ਮੇਰੇ 'ਚ ਕੁੱਝ ਨਹੀਂ ਸੀ
ਜੋ ਮੇਰੇ 'ਚ
ਆਪਾ ਧਰਨਾ ਨਹੀਂ ਸਨ
ਚਾਹੁੰਦੇ
ਮੇਰੇ 'ਚ ਰਹਿ ਕੇ ਮਰਨਾ ਨਹੀਂ
ਸਨ ਚਾਹੁੰਦੇ
ਮੈਂ ਪੁੱਛਦਾ ਹਾਂ
ਕਿਉਂ ਝਾਕ ਕੇ ਮੇਰ਼ੇ 'ਚ
ਉਹ ਆਪ ਮੁੜ ਗਏ
ਕਿਉਂ ਉੱਗਾ ਕੇ ਕਬਰਾਂ
ਮੇਰੇ 'ਚ ਤੁਰ ਗਏ

-----

## ਜੀਅ ਕਰਦੈ

ਇਕ ਵਾਰ
ਤੇਰੀ ਮਹਿਕ ਤਰਨ ਤੋਂ ਪਿਛੋਂ
ਹਜ਼ਾਰ ਵਾਰ
ਤੇਰੀ ਮਹਿਕ 'ਚ ਡੁੱਬ ਮਰਨ
ਨੂੰ ਜੀਅ ਕਰਦੈ
ਤੇਰੇ 'ਚ ਆਪਾ ਧਰਨ
ਨੂੰ ਜੀਅ ਕਰਦੈ
ਤੈਨੂੰ ਆਪਣੇ 'ਚ ਭਰਨ
ਨੂੰ ਜੀਅ ਕਰਦੈ
ਤੇਰੀਆਂ ਨਜ਼ਰਾਂ ਦੇ ਪੰਖੇਰੂ
ਫੜਨ ਨੂੰ ਜੀਅ ਕਰਦੈ
ਤੇਰੀ ਧੁੱਪ 'ਚ ਠਰਨ ਨੂੰ
ਜੀਅ ਕਰਦੈ

-0-

ਜੀਅ ਕਰਦੈ ਤੇਰਾ ਹੋ ਕੇ ਰਹਿ ਜਾਵਾਂ
ਤੇਰੀਆਂ ਪਲਕਾਂ ਦੀ ਛਾਵੇਂ
ਬਹਿ ਜਾਵਾਂ
ਫਿਰ ਉਦੋਂ ਤੱਕ ਨਾ ਉਠਾਂ
ਜਦ ਤਕ ਤੇਰੀ ਮਹਿਕ 'ਚ
ਘੁਲ ਨਹੀਂ ਜਾਂਦਾ
ਤੇਰੇ ਸਿਵਾ ਸਭ ਕੁੱਝ ਭੁੱਲ
ਨਹੀਂ ਜਾਂਦਾ

ਮੈਂ ਚਾਹੁੰਦਾ ਹਾਂ
ਤੇਰੇ ਕਦਮਾਂ ਦੀ ਧੂੜ ਹੋ ਜਾਵਾਂ
ਤੇਰੇ ਸਾਗਰ 'ਚ ਰਲ ਜਾਵਾਂ
ਤੇਰਾ ਨੂਰ ਹੋ ਜਾਵਾਂ

-0-

ਤੂੰ ਪੂਜਾ ਹੈਂ
ਸਿਮਰਨ ਹੈਂ ਸਮਾਧੀ ਹੈਂ
ਤੂੰ ਹਰ ਬੰਦਸ਼ ਦੀ ਅਜਾਈਂ ਹੈਂ
ਮੈਂ ਤੇਰਾ ਹੋ ਕੇ
ਆਪਣੇ ਆਪ ਤੋਂ
ਤੇਰਾ ਹੋਣ ਦੀ ਇੱਛਾ ਤੋਂ ਵੀ
ਆਜ਼ਾਦ ਹੋ ਜਾਵਾਂ
ਤੇਰੀ ਅਬਾਦੀ ਨਹੀਂ
ਤੇਰੇ 'ਚ ਅਬਾਦ ਹੋ ਜਾਵਾਂ

-0-

ਜਿੱਥੇ
ਕੋਈ ਇੱਛਾ ਨਾ ਚਾਹ ਹੈ
ਨਾ ਮੰਜ਼ਿਲ ਹੈ ਨਾ ਰਾਹ ਹੈ
ਨਾ ਖੰਭ ਹਨ ਨਾ ਪ੍ਰਵਾਜ਼ ਹੈ
ਨਾ ਧੁੰਨ ਹੈ ਨਾ ਕੋਈ ਸਾਜ਼ ਹੈ
ਜਿੱਥੇ ਨਾ ਪ੍ਰਾਣਾਂ ਦੀ
ਨਾ ਦੇਹ ਦੀ ਮੌਥਾਜ਼ੀ ਹੈ
ਨਾ ਆਜ਼ਾਦੀ ਨੂੰ
ਆਜ਼ਾਦੀ ਦੀ ਮੌਥਾਜ਼ੀ ਹੈ
ਜਿੱਥੇ

ਮੇਰੇ ਸਿਵਾ
ਕੋਈ ਹੋਰ ਨਾ ਹੋਵੇ
ਨਾ ਆਪਣੇ ਨੇੜੇ
ਨਾ ਆਪਣੇ ਤੋਂ ਦੂਰ ਹੋਵੇ

-0-

ਮੈਂ ਵੀ ਨਾ ਹੋਵਾਂ
ਤੂੰ ਵੀ ਨਾ ਹੋਵੇਂ
ਕਿਸੇ ਨੂੰ ਕਿਸੇ ਦੀ ਜੁਸਤਜੂ
ਨਾ ਹੋਵੇ
ਇਕ ਨੂਰ ਨੂਰ ਦੀ ਮੌਥਾਜ਼ੀ ਤੋਂ
ਬੇਮੌਥਾਜ਼ ਹੋਵੇ
ਨਾ ਆਰ ਹੋਵੇ ਨਾ ਪਾਰ ਹੋਵੇ
ਨਾ ਊਹ
ਮੈਂ ਹੋਵਾਂ
ਨਾ ਮੈਂ ਉਹ ਹੋਵੇ
ਕਿਸੇ ਦਾ ਕੁੱਝ ਵੀ ਨਾ ਹੋਵੇ
ਉਹ ਜੋ ਹੋਵੇ

-0-

ਇਕ ਵਾਰ
ਤੇਰੀ ਮਹਿਕ ਤਰਨ ਤੋਂ ਪਿੱਛੋਂ
ਹਜ਼ਾਰ ਵਾਰ
ਤੇਰੀ ਮਹਿਕ 'ਚ ਡੁੱਬ ਮਰਨ
ਨੂੰ ਜੀਅ ਕਰਦੈ
ਤੇਰੇ 'ਚ ਆਪਾ ਧਰਨ ਨੂੰ ਜੀਅ ਕਰਦੈ
ਤੈਨੂੰ ਆਪਣੇ 'ਚ ਭਰਨ ਨੂੰ ਜੀਅ ਕਰਦੈ

----

## ਨਸੀਬ

ਪੈਰ ਸਨ
ਰਾਹਾਂ ਤੇ
ਮੰਜ਼ਿਲਾਂ ਵੱਲ ਤੁਰਦੇ ਗਏ
ਨਸੀਬ ਸਨ
ਮੀਲ ਪੱਥਰ ਦੀ ਤਰ੍ਹਾਂ ਖੜ੍ਹੇ ਰਹੇ
ਨੈਣ ਸਨ
ਹੰਝੂਆਂ ਸੰਗ ਭਰੇ ਰਹੇ
ਕਬੂਲੇ ਨਾ ਫੁੱਲ
ਪੱਥਰ ਦੇ ਬੁੱਤਾਂ ਨੇ
ਪੂਜਾ ਦੀ ਥਾਲੀ 'ਚ
ਧਰੇ ਦੇ ਧਰੇ ਰਹੇ

-0-

ਪੈਰ ਸਨ
ਸਫ਼ਰ 'ਚ ਬੋਝਲ ਰਹੇ
ਪੈਰਾਂ ਚੋਂ ਰਾਹਾਂ ਨੁਚੜੀਆਂ
ਨਜ਼ਰਾਂ ਚੋਂ ਮੰਜ਼ਿਲਾਂ
ਅਲੋਪ ਹੋ ਗਈਆਂ
ਬਦਨਸੀਬੀਆਂ ਕਦਮ ਕਦਮ
ਤੇ ਆ ਖਲੋ ਗਈਆਂ
ਜਿਥੋਂ ਤੁਰੇ ਸਾਂ
ਉਥੇ ਹੀ ਖੜ੍ਹਾ
ਆਪਣੇ ਆਪ ਨੂੰ ਪਾਇਆ
ਨਾ ਮੰਜ਼ਿਲ ਮਿਲੀ
ਨਾ ਸਫ਼ਰ ਹੀ ਮੁੱਕਿਆ

ਆਪਣਾ ਮੁਰਦਾ ਉਠਾਈ
ਮੋਢਿਆਂ ਤੇ ਭਾਉਂਦੇ ਰਹੇ
ਚਲਦੇ ਰਹੇ ਚਲਦੇ ਰਹੇ
ਦਾ ਤਰਾਨਾ ਗਾਉਂਦੇ ਰਹੇ!

-0-

ਸੱਚ ਸੀ
ਕਿ ਦਰਿਆਵਾਂ ਦਾ ਵੇਗ ਸ਼ਾਂ
ਪੌਣਾਂ ਦੀ ਚਾਲ ਸਾਂ
ਸਾਗਰਾਂ ਨੂੰ ਤੈਰਦੇ
ਜੰਗਲਾਂ ਨੂੰ ਮਿੱਧਦੇ ਖ਼ਿਆਲ ਸਾਂ
ਨਦੀਆਂ ਦੀ ਰਵਾਨੀ ਸਾਂ
ਸਮੇਂ ਦੀ ਨਿਰੰਤਰਤਾ ਸਾਂ
ਬੱਦਲ ਨਹੀਂ ਕਣੀਆ ਨਹੀਂ
ਇਕ ਹੜ੍ਹ ਤੂਫ਼ਾਨੀ ਸਾਂ
ਰੁੱਖਾਂ ਦੀ ਜਵਾਨੀ ਸਾਂ
ਤੁਰ ਕੇ ਜਿੱਥੇ ਵੀ ਪਹੁੰਚੇ
ਆਪਣੇ ਸਾਵੇਂ ਆਪਣਾ
ਆਦਿ ਹੀ ਖੜ੍ਹਾ ਪਾਇਆ
ਆਦਿ ਦਾ ਅੰਤ
ਕਿਤੇ ਵੀ ਨਜ਼ਰ ਨਾ ਆਇਆ

-0-

ਪੈਰ ਤਾਂ ਤੁਰਦੇ ਰਹੇ
ਜੇ ਨਸੀਬ ਹੀ ਮੀਲ ਪੱਥਰ
ਬਣੇ ਰਹੇ
ਤਾਂ ਮੰਜ਼ਿਲ ਦਾ ਕੀ ਨਿੱਘ
ਹੰਢਾਉਣਾ ਸੀ

ਮੰਜ਼ਿਲ ਦੀ ਸਰਦਲ ਨੂੰ
ਕਿਸੇ ਨੇ ਚੁੰਮਣਾ ਸੀ
ਰਾਹਾਂ ਦੀ ਮਿੱਟੀ ਨੂੰ
ਕਿਸ ਮਸਤਕ ਨਾਲ ਲਾਉਣਾ ਸੀ

-0-

ਇਸ ਜੀਵਨ ਸਫ਼ਰ 'ਚ
ਨਸੀਬਾਂ ਦਾ ਤਾਂ ਸਾਥ ਨਹੀਂ ਸੀ
ਪੈਰ ਵੀ ਦੇਹ ਤਿਆਗ ਗਏ
ਦੇਹ ਨੂੰ ਅਗਤੀਆਂ ਜੀ ਰਹੀ
ਦੇਹ 'ਚ ਬਿਠਾਲ ਗਏ
ਜੋ ਆਸਰਾ ਸੀ
ਸੱਚ ਜਿਉਣ ਦਾ
ਉਹ ਵੀ ਮੁੱਕ ਗਿਆ
ਨਸੀਬਾਂ ਤੋਂ ਬਿਨਾਂ
ਇਕ ਰੁੱਖ ਜੰਗਲ ਹੋਣ ਤੋਂ
ਪਹਿਲਾਂ ਹੀ ਸੁੱਕ ਗਿਆ

-----

## ਅੰਨ੍ਹਾ ਸਮਾਂ

ਅੰਨ੍ਹਾ ਹੋਇਆ
ਸਮਾਂ ਤੁਰਦਾ ਗਿਆ
ਆਪਣੇ ਪੈਰਾਂ ਹੇਠ
ਜੋ ਵੀ ਆਇਆ
ਲਿਤਾੜਦਾ ਗਿਆ
ਆਪਣੇ ਦੁਆਲੇ
ਕਬਰਾਂ ਦਾ ਸ਼ਮਸ਼ਾਨ
ਉਸਾਰਦਾ ਗਿਆ

-0-

ਸਮੇਂ ਨੂੰ ਜ਼ਿੰਦਗੀ ਮਿਲੀ
ਬੋਲੀ
ਕਿਉਂ ਤੂੰ ਮੇਰੇ ਚਮਨ 'ਚ
ਚੁੱਪਾਂ ਇਕੱਲਤਾ ਉਦਾਸੀਆਂ
ਤੇ ਸੋਗ
ਖਿਲਾਰਦਾ ਜਾ ਰਿਹਾ ਹੈਂ
ਕਿਉਂ ਮੇਰੀ ਰਗ ਰਗ 'ਚ
ਮੌਤ ਉਤਾਰਦਾ ਜਾ ਰਿਹਾ ਹੈਂ

-0-

ਸਮਾਂ ਬੋਲਿਆ
ਐ ਜ਼ਿੰਦਗੀ
ਮੈਂ ਆਪਣੀਆਂ ਅੱਖਾਂ ਨਾਲ
ਇਕ ਕੱਚੀ ਕਲੀ
ਕੋਠੇ ਤੇ ਆਪਣੀ ਖ਼ੁਸ਼ਬੂ
ਖਿਲਾਰਦੀ ਤੱਕੀ ਹੈ

ਆਪਣੀ ਖ਼ੁਸ਼ਬੂ 'ਚ
ਹੱਵਸ ਦੀ ਗੰਧ ਉਤਾਰਦੀ
ਤੱਕੀ ਹੈ

-0-

ਇਹ ਕੰਜਕ
ਮਾਂ ਦਾ ਰੂਪ ਹੈ
ਧੀ ਪਤਨੀ ਭੈਣ ਦਾ
ਸਰੂਪ ਹੈ
ਜਗਤ ਜਣਨੀ
ਮਮਤਾ ਦਾ ਵਜ਼ੂਦ ਹੈ
ਜਿਸ ਦਾ ਜਿਸਮ
ਪਿਓ ਪੁੱਤਰ ਭਰਾ
ਹਰ ਰਿਸ਼ਤੇ ਦਾ ਮਨੁੱਖ
ਆਪਣੀ ਹੱਵਸ ਲਈ
ਹੰਢਾਉਂਦਾ ਹੈ
ਤੇ ਉਸ ਕੰਜਕ ਦੇ ਵਜ਼ੂਦ ਚੋਂ
ਇਕ ਵੈਸ਼ੀਆਂ ਦਾ ਚਿਹਰਾ
ਉੱਗ ਆਉਂਦਾ ਹੈ

-0-

ਐ ਜ਼ਿੰਦਗੀ
ਮੈਂ ਨੀਂਹਾਂ 'ਚ ਚਿਣੇ ਜਾਂਦੇ
ਬਿਨ ਨਾੜੂ ਕਟੇ
ਦੋ ਬਾਲ ਤੱਕੇ ਹਨ
ਸੱਚ ਦਾ ਸਿਰ ਕਲਮ ਕਰਦੀ
ਤਲਵਾਰ ਤੱਕੀ ਹੈ

ਤੱਤੀਆਂ ਤਵੀਆਂ ਤੇ ਬੈਠਾ
ਰੱਬ ਤੱਕਿਆ ਹੈ
ਦੇਗ਼ਾਂ 'ਚ ਉਬਲਦਾ
ਸੱਚ ਤੱਕਿਆ ਹੈ

-0-

ਇਨਸਾਨ ਤੋਂ
ਛਾਲੇ 'ਚ ਬਦਲਦਾ
ਇਨਸਾਨ ਦਾ ਵਜੂਦ ਤੱਕਿਆ ਹੈ
ਠੰਡੇ ਬੁੱਰਜ 'ਚ
ਦਮ ਤੋੜਦੀ ਇਕ ਮਾਂ ਤੱਕੀ ਹੈ
ਲਹੂ 'ਚ ਲਿੱਬੜੀ ਧੁੱਪ ਤੱਕੀ ਹੈ
ਛਾਂ ਤੱਕੀ ਹੈ
ਮੈਂ ਆਪਣੀ ਅੱਖੀਂ
ਐ ਜ਼ਿੰਦਗੀ
ਉਹ ਥਾਂ ਤੱਕੀ ਹੈ
ਜਿੱਥੇ ਆਰਿਆਂ ਨਾਲ
ਚੀਰਿਆ ਜਾਂਦਾ
ਤੇਰਾ ਸੱਚ ਤੱਕਿਆ ਹੈ
ਪੁਰਜਾ ਪੁਰਜਾ ਕਰਕੇ
ਜਿਸਦਾ ਬੰਦ ਬੰਦ ਕਟਿਆ ਹੈ
ਸਬਰ ਦਾ ਦਮ ਤੋੜਦੀ
ਜ਼ਿੰਦਗੀ ਦੀ ਮੌਤ ਤੱਕੀ ਹੈ
ਨੇਜ਼ਿਆਂ ਤੇ
ਇਕ ਮਾਸ ਦੇ ਲੋਥੜੇ ਦੀ
ਤੜਪਦੀ ਲਾਸ਼ ਤੱਕੀ ਹੈ

-0-

ਮੈਂ ਖ਼ੁਦ ਤੈਨੂੰ
ਸੜਕਾਂ ਤੇ ਭਿੱਖ ਮੰਗਦੀ
ਤੱਕਿਆ ਹੈ
ਫੁੱਟਪਾਥਾਂ ਤੇ ਸੌਂਦੀ
ਤੱਕਿਆ ਹੈ
ਕੂੜੇ ਦੇ ਢੇਰ ਤੋਂ
ਢਿੱਡ ਭਰਦੀ ਤੱਕਿਆ ਹੈ
ਜਿਨ੍ਹਾਂ ਨੂੰ
ਜਨਮਦੀ ਹੈਂ ਤੂੰ
ਉਨ੍ਹਾਂ ਦੇ ਹੱਥੋਂ ਮਰਦੀ
ਤੱਕਿਆ ਹੈ
ਹੱਵਸ ਦੀ ਮੰਡੀ ਤੇ ਬਾਜ਼ਾਰਾਂ 'ਚ
ਸੱਜਦੀ ਹੈ ਤੂੰ
ਮਨੁੱਖ ਦੀ ਅਰਧਾਂਗਨੀ ਨਹੀਂ
ਰਖੇਲ ਲੱਗਦੀ ਹੈਂ ਤੂੰ

-0-

ਇਹ ਸਭ ਕੁੱਝ ਤੱਕ ਕੇ
ਅੰਨ੍ਹਾ ਹੋ ਗਿਆ ਹਾਂ ਮੈਂ
ਤੇਰਿਆਂ ਜਨਮਿਆਂ ਹਨ੍ਹੇਰਿਆਂ 'ਚ
ਖੋਹ ਗਿਆ ਹਾਂ ਮੈਂ
ਜੇ ਤੂੰ ਚਾਹੁੰਦੀ ਹੈਂ
ਮੇਰੀ ਲੋਅ ਪਰਤ ਆਵੇ
ਤਾਂ ਆਪਣੀ ਕੁੱਖ ਨੂੰ

ਆਪਣੇ ਹੱਥੀਂ ਸੂਲ਼ੀ ਚਾੜ੍ਹ ਦੇ
ਆਪਣੀ ਹੀ ਰੂਹ 'ਚ
ਬੋਲ
ਮੇਰੇ ਹੀ ਇਕ ਰੂਪ ਦਾ ਉਤਾਰ ਲੈ

-0-

"ਜਣਨੀ ਜਣੇ ਤਾਂ ਭਗਤ ਜਨ
ਕਿਆ ਦਾਤਾ ਕਿਆ ਸੂਰ
ਨਹੀਂ ਤਾਂ ਜਣਨੀ ਬਾਂਝ ਰਹੇ
ਕਾਹੇ ਗੁਆਏ ਨੂਰ"
ਐ ਜ਼ਿੰਦਗੀ
ਤੂੰ ਔਰਤ ਉਤਪੱਤੀ ਦਾ ਰੂਪ ਹੈਂ
ਮੇਰੇ ਇਸ ਬੋਲ ਨੂੰ ਸੰਭਾਲ ਲੈ
ਮੇਰਾ ਆਪਾ
ਤੇ ਆਪਣਾ ਅੱਗਾ ਸੁਆਰ ਲੈ

-----

## ਕਲੰਕਿਤ ਮਨੁੱਖ

ਉਸਨੇ
ਆਪਣੇ ਆਪ 'ਚ
ਕੈਕਟਸ, ਥੋਹਰਾਂ, ਕੰਡੇ
ਝਾੜੀਆਂ ਤੇ ਅੱਕ ਬੀਜੇ ਸਨ
ਪਰ ਆਪਣੇ ਆਲ੍ਹਣੇ ਨੂੰ
ਫੁੱਲਾਂ ਕਲੀਆਂ ਰੰਗਾਂ ਤੇ ਖ਼ੁਸ਼ਬੂਆਂ
ਨਾਲ ਸ਼ਿੰਗਾਰਿਆ
ਆਪਣੇ ਸੱਚ ਦੁਆਲੇ
ਕਲਬੂਤ ਗੁਲਜ਼ਾਰ ਦਾ ਉਸਾਰਿਆ

-0-

ਉਸ ਦੇ
ਅੰਦਰ ਹਨ੍ਹੇਰਿਆਂ ਦੇ ਬੀਜ
ਕਾਲਖ਼ਾਂ ਦੇ ਸਾਏ ਸਨ
ਅੰਨ੍ਹੇ ਖ਼ੂਹ
ਉਦਾਸੀ ਇਕੱਲਤਾ ਤੇ ਪਤਝੜਾਂ ਸਨ
ਚੁੱਪ ਉਸਦੀ ਦੇਹ ਦੀ ਵਾਸੀ ਸੀ
ਪਰ ਉਸ ਨੂੰ
ਉਮੀਦ ਸੂਰਜਾਂ ਦੀ ਸੀ
ਚੰਨਾਂ ਤਾਰਿਆਂ ਕਿਰਨਾਂ ਦੀ ਸੀ
ਰੁੱਖਾਂ ਦੀ ਹਰਿਆਵਲ ਦੀ ਸੀ
ਮੌਸਮਾਂ ਬਹਾਰਾਂ ਰੁੱਤਾਂ ਰੌਣਕਾਂ ਦੇ
ਦੌਰ ਦੀ ਸੀ

-0-

ਉਸਨੂੰ ਬੀਜ
ਵਿਚਲੇ ਰੁੱਖ ਦੇ ਸੱਚ ਦਾ
ਅਹਿਸਾਸ ਸੀ
ਪਰ ਅਹਿਸਾਸ ਤੋਂ ਵੱਧ
ਉਸਨੂੰ
ਆਪਣੀ ਦੇਹ ਦੀ ਮਿੱਟੀ ਦਾ
ਵਿਸ਼ਵਾਸ ਸੀ
ਕਿ ਉਸਦੀ ਮਰਜ਼ੀ ਤੋਂ ਬਿਨਾਂ
ਮਿੱਟੀ ਬੀਜ ਉੱਗਾ ਨਹੀਂ ਸਕਦੀ
ਜੋ ਸੱਚ ਉਹ ਵੇਖਣਾ
ਨਹੀਂ ਸੀ ਚਾਹੁੰਦਾ
ਉਸਦੀ ਨਜ਼ਰ ਦੇ ਵਿਹੜੇ
ਉਸਦੀ ਆਪਣੀ ਮਿੱਟੀ ਪੁੱਗਾ
ਨਹੀਂ ਸਕਦੀ

-0-

ਜਦ
ਉਸਨੂੰ ਦਰਪਣ ਚੋਂ
ਉਸਦੀ ਉਮੀਦ ਦਾ ਚਿਹਰਾ
ਨਾ ਦਿੱਸਿਆ
ਤਾਂ ਉਸ ਦਰਪਣ
ਚੂਰ ਚੂਰ ਕਰ ਦਿੱਤਾ
ਦਰਪਣ ਦੇ ਹਰ ਟੁੱਕੜੇ ਚੋਂ
ਉਸਦਾ ਬੀਜਿਆ ਸੱਚ
ਉੱਗਦਾ ਨਜ਼ਰ ਆਇਆ
ਜੋ ਉਹ ਵੇਖਣਾ ਨਹੀਂ ਸੀ ਚਾਹੁੰਦਾ

-0-

ਉਹ ਭੁੱਲ ਗਿਆ
ਕਿ ਉਸਨੇ ਦਰਪਣ ਚੋਂ
ਚਿਹਰਾ ਉੱਗਾਇਆ ਸੀ
ਜੇ ਚਿਹਰੇ ਚੋਂ ਦਰਪਣ ਉੱਗਦਾ
ਤਾਂ ਜੋ ਉਹ ਵੇਖਣਾ
ਚਾਹੁੰਦਾ ਸੀ
ਦਰਪਣ ਚੋਂ
ਉਸਨੂੰ ਨਜ਼ਰ ਆਉਂਦਾ
ਪਰ ਉਸ
ਦਰਪਣ ਚੋਂ ਚਿਹਰਾ ਉੱਗਾਇਆ ਸੀ
ਇਸ ਲਈ
ਉਸਨੂੰ ਚਿਹਰੇ 'ਚ ਬੀਜਿਆ
ਤੇ ਦਰਪਣ ਚੋਂ ਉੱਗਿਆ ਸੱਚ
ਨਜ਼ਰ ਆਇਆ ਸੀ

-0-

ਦਰਪਣ ਤੇ ਚਿਹਰੇ ਦਾ ਸੱਚ
ਜਿਸ ਉਮਰ 'ਚ
ਉਸਨੂੰ ਸਮਝ ਆਇਆ
ਉਸਦੀਆਂ ਕਬਰ 'ਚ ਲੱਤਾਂ ਸਨ
ਤਿੜਕੀਆਂ ਛੱਤਾਂ ਸਨ
ਘਰ ਢੱਠਾ ਸੀ
ਵਿਹੜਾ ਪਰਾਇਆ ਸੀ

ਸਾਰੀ ਉਮਰ
ਉਸ ਦਰਪਣ ਚੋਂ ਚਿਹਰਾ
ਉੱਗਾਇਆ ਸੀ
ਚਿਹਰੇ ਦੀ ਕੁੱਖ਼ ਦਾ ਸੱਚ
ਦਰਪਣ਼ ਭੁੱਲਾਇਆ ਸੀ
ਚਿਹਰੇ 'ਚ ਬੀਜਿਆ
ਦਰਪਣ ਚੋਂ ਉੱਗਿਆ
ਉਸਦਾ ਆਪਣਾ ਹੀ ਸੱਚ
ਉਸਨੂੰ ਨਜ਼ਰ ਆਇਆ ਸੀ

-0-

ਇਹ ਸੱਚ ਮਰਨ ਤੋਂ ਪਿੱਛੋਂ ਵੀ
ਉਸਦੀ ਕਬਰ ਤੇ ਜਗਿਆ ਹੈ
ਕਲੰਕਿਤ ਮਨੁੱਖ ਦਾ ਬਣ ਦਾਗ਼
ਉਸਦੇ ਜਨਮ ਨੂੰ ਲੱਗਿਆ ਹੈ।

-----

## ਚੁੱਪ ਤੇ ਬੋਲ

ਉਹ ਆਪਣੇ
ਆਪ ਚੋਂ ਪੈਂਤੀ ਅੱਖ਼ਰੀ
ਜਨਮਦਾ ਗਿਆ
ਬੋਲਾਂ ਦੇ ਰੁੱਖਾਂ ਦਾ ਜੰਗਲ
ਸਿਰਜਦਾ ਗਿਆ
ਆਪਣੇ ਸੱਚ ਦੀ ਭਾਲ 'ਚ
ਬੋਲਾਂ ਚੋਂ ਜਨਮੇ ਸ਼ੋਰ ਦੇ
ਜੰਗਲ 'ਚ ਗੁਆਚ ਗਿਆ
ਨਾ ਸੁਆਲ ਦਾ ਰਿਹਾ
ਨਾ ਜੁਆਬ ਦਾ ਰਿਹਾ

–0–

ਉਹ
ਆਪਣੀ ਚੁੱਪ 'ਚ
ਏਨਾ ਸੁੰਗੜਿਆ
ਨਾ ਚੁੱਪ ਦਾ ਰਿਹਾ
ਨਾ ਆਪਣੇ ਆਪ ਦਾ ਰਿਹਾ
ਨਾ ਸਵਾਲ ਦੇ ਕਲਬੂਤ 'ਚ
ਨਾ ਉੱਤਰ ਦੇ ਵਜੂਦ 'ਚ ਰਿਹਾ
ਉਹ ਚੁੱਪ ਦੇ ਬਿੰਦੂ ਦਾ
ਬਿੰਦੂ ਹੋ ਗਿਆ
ਚੁੱਪ ਦੀ ਚੁੱਪ ਦਾ ਹੋ ਗਿਆ

–0–

ਉਸਦੀ ਚੁੱਪ ਚੋਂ
ਚੁੱਪ ਦਾ ਅਰਥ ਫੈਲਿਆ
ਤੇ ਉਸਦੇ ਅਰਥ ਨੇ
ਪੈਂਤੀ ਅੱਖ਼ਰੀ ਦਾ ਵਜ਼ੂਦ
ਆਪਣੀ ਬੁੱਕਲ 'ਚ ਲੈ ਲਿਆ

-0-

ਉਹ ਚੁੱਪ ਦਾ ਬਿੰਦੂ ਹੋਇਆ ਵੀ
ਅਕਾਰ ਰਹਿਤ ਸੀ
ਚੁੱਪ 'ਚ
ਉਸਦੀ ਪੈਂਤੀ ਅੱਖ਼ਰੀ ਦਾ ਸ਼ੋਰ
ਨਹੀਂ ਸੀ
ਖ਼ੁਸ਼ਬੂ ਦੀ ਸੌਗਾਤ ਸੀ
ਚੁੱਪ 'ਚ ਉਹ ਆਪਣੇ ਜੁਆਬ ਦਾ
ਖ਼ੁਦ ਹੀ ਸੁਆਲ ਸੀ

-0-

ਉਹ ਜਦ ਬੋਲ ਸੀ ਸ਼ੋਰ ਸੀ
ਉਹ ਚੁੱਪ ਸੀ
ਤਾਂ ਉਸਦਾ ਸੱਚ
ਉਸਦੇ ਕੋਲ ਸੀ
ਉਹ ਬੋਲ ਦੇ ਸ਼ੋਰ 'ਚ
ਕੁੱਝ ਵੀ ਨਹੀਂ ਸੀ
ਸਿਰਫ਼ ਸ਼ੋਰ ਸੀ
ਚੁੱਪ ਦੇ ਬੋਲ 'ਚ ਉਹ ਸਭ ਕੁੱਝ ਸੀ
ਉਸਦੀ ਚੁੱਪ ਬੋਲਦੀ ਕੁੱਖ਼ ਸੀ
ਉਸਦੀ ਹੋਂਦ ਉਸਦਾ ਅਰਥ
ਉਸਦੇ ਕੋਲ ਸੀ

-0-

## ਨੀਂਦਰ

ਸੁਬ੍ਹਾ ਹੋਈ
ਦਿਨ ਚੜ੍ਹਿਆ
ਰਾਤ ਦੀ ਮੋਈ ਜ਼ਿੰਦਗੀ ਦਾ
ਅਹਿਸਾਸ ਦਿਲ ਤੋਂ ਢਲਿਆ
ਤੇ ਮੌਤ ਤੋਂ ਭੈ ਰਹਿਤ
ਜ਼ੀਵਨ ਚਿਰਾਗ
ਉਸਦੇ ਮੱਥੇ 'ਚ ਬਲਿਆ

-0-

ਸਾਰੀ ਰਾਤ ਨੀਂਦਰ 'ਚ
ਉਹ ਸੁੱਤਾ ਰਿਹਾ
ਨਾ ਕੁੱਝ ਬੋਲਿਆ ਨਾ ਸੁਣਿਆ
ਨਾ ਵੇਖਿਆ ਨਾ ਤੁਰਿਆ
ਇੰਜ ਸੀ
ਜਿਵੇਂ ਕੋਈ ਮੁਰਦਾ
ਸਾਰੀ ਰਾਤ ਕਬਰ 'ਚ ਪਿਆ ਰਿਹਾ
ਜ਼ਿੰਦਗੀ ਦੀ ਮੁਥਾਜ਼ੀ ਤੋਂ
ਮੁਕਤ ਰਿਹਾ

-0-

ਸਾਰੀ ਰਾਤ
ਨਾ ਉਸ ਹਵਾ ਦੀ ਖ਼ੁਸ਼ਬੂ ਮਾਣੀ
ਨਾ ਮੌਸਮਾਂ ਬਹਾਰਾਂ ਰੁੱਤਾਂ ਦਾ
ਅਹਿਸਾਸ ਹੀ ਹੋਇਆ
ਨਾ ਜੀਵਨ ਦੀਆਂ ਰੌਣਕਾਂ
ਹੰਢਾਈਆਂ

ਸਾਰੀ ਰਾਤ ਉਸਦੇ ਨੈਣੀਂ
ਚੁੱਪ ਇਕੱਲਤਾ ਤੇ ਅਗਤੀਆਂ
ਦਾ ਅਹਿਸਾਸ ਜਗਦਾ ਰਿਹਾ
ਜਿਵੇਂ ਕੋਈ ਦੀਵਾ
ਕਬਰ ਦੀ ਦੇਹ ਤੇ ਬਲਦਾ ਰਿਹਾ

-0-

ਸਾਰੀ ਰਾਤ
ਉਹ ਮੋਹ ਮਾਇਆ ਦੇ ਜਾਲ ਤੋਂ
ਰਹਿਤ
ਜੀਵਨ ਦੀ ਗਰਿਸਤੀ ਦੀ
ਮੌਥਾਜ਼ੀ ਤੋਂ ਆਜ਼ਾਦ
ਪਤਨੀ ਬੱਚਿਆਂ ਦੋਸਤਾਂ
ਰਿਸ਼ਤੇਦਾਰਾਂ ਦੇ ਨਿੱਘ ਨੂੰ
ਤਿਆਗ
ਆਪਣੀ ਇਕੱਲਤਾ ਆਜ਼ਾਦੀ
ਸਕੂਨ ਤੇ ਸ਼ਾਂਤੀ ਦਾ
ਦੁਨੀਆਂ ਦੇ ਸ਼ੋਰ ਸ਼ਰਾਬੇ ਤੋਂ ਦੂਰ
ਆਪਣੀ ਚੁੱਪ ਤੇ ਸੁੱਖ ਦਾ
ਅਨੁਭਵ ਹੰਢਾਉਂਦਾ ਰਿਹਾ
ਦੁੱਖਾਂ ਤਕਲੀਫ਼ਾਂ ਅੱਥਰੂਆਂ
ਤੇ ਗ਼ਮਾਂ ਤੋਂ ਰਹਿਤ
ਸੁੱਖਾਂ ਦਾ ਸਾਗਰ ਤਰਦਾ ਰਿਹਾ

-0-

ਸੁਬ੍ਹਾ ਹੋਈ
ਦਿਨ ਚੜ੍ਹਿਆ

ਰਾਤ ਦੀ ਮੋਈ ਜ਼ਿੰਦਗੀ ਦਾ
ਅਹਿਸਾਸ ਦਿਲ ਤੋਂ ਢਲਿਆ
ਤੇ ਮੌਤ ਤੋਂ ਭੈ ਰਹਿਤ
ਜੀਵਨ ਦਾ ਚਿਰਾਗ਼
ਉਸਨੇ ਮੱਥੇ 'ਚ ਜਗਾ ਲਿਆ
ਰਾਤ ਦੀ ਨੀਂਦਰ 'ਚ
ਉਸ ਮੌਤ ਦਾ ਸੱਚ ਪਾ ਲਿਆ

-0-

ਹੁਣ ਉਹ
ਜੀਵਨ ਦਾ ਕਾਰੋਬਾਰ ਕਰਦਾ
ਜੀਵਨ ਜਿਉਂਦਾ
ਜੀਵਨ ਹੰਢਾਉਂਦਾ
ਮੌਤ ਦੇ ਡਰ ਤੋਂ ਨਿਰਭੈ ਸੀ
ਆਪਣੀ ਨੀਂਦਰ 'ਚ
ਉਸ ਜਾਣ ਲਿਆ
ਕਿ ਮੌਤ ਦਾ ਸੱਚ ਕੀ ਹੈ
ਮੌਤ 'ਚ ਸੁੱਖ ਸੀ ਸ਼ਾਂਤੀ ਸੀ
ਆਰਾਮ ਸੀ
ਜੀਵਨ ਦੀ ਹਰ ਮੌਥਾਜ਼ੀ ਤੋਂ
ਮਨੁੱਖ ਆਜ਼ਾਦ ਸੀ

-0-

ਉਸ ਹੁਣ
ਆਪਣੇ ਜੀਵਨ 'ਚ
ਸੂਰਜਾਂ ਤੇ ਹਾਜ਼ੂਮ ਉਤਾਰ ਲਏ

ਆਪਣੇ ਅੰਬਰ ਦੇ
ਚੰਨ ਤਾਰੇ ਸੁਆਰ ਲਏ
ਧਰਤੀ ਤੇ ਜ਼ਿੰਦਗੀ ਦਾ
ਸਵਰਗ ਉਤਾਰਿਆ
ਨੀਂਦਰ ਤੋਂ ਬਾਅਦ
ਉਸਦਾ ਪੁਨਰ ਜਨਮ ਹੋਇਆ
ਤੇ ਮੌਤ ਦਾ ਸੱਚ
ਜਿਉਂਦੇ ਜੀਅ
ਉਸਦੇ ਸਾਵੇਂ ਆ ਖਲੋਇਆ
ਉਸਨੇ
ਆਪਣੀ ਦੇਹ ਤੋਂ
ਮੌਤ ਦੇ ਬਸਤਰ ਉਤਾਰ ਦਿੱਤੇ
ਨਵੇਂ ਤੇ ਨਰੋਏ ਦਿੱਸਹੱਦੇ
ਆਪਣੀ ਨਜ਼ਰ 'ਚ ਉਸਾਰ ਦਿੱਤੇ

-0-

ਜਿੱਥੇ ਜੀਵਨ ਸੀ
ਜੀਵਨ ਦੀ ਬਹਾਰ ਸੀ
ਚੁੱਪ ਉਦਾਸੀ ਇਕੱਲਤਾ ਤੇ
ਪਤਝੜ ਚੋਂ
ਉੱਗਦੇ ਬੋਲ ਖ਼ੁਸ਼ੀਆਂ ਰੌਣਕਾਂ
ਤੇ ਬਹਾਰ ਸੀ
ਉਹ ਸਿਰ ਤੋਂ ਪੈਰਾਂ ਤੀਕ
ਹੁਣ ਗੁਲਜ਼ਾਰ ਹੀ ਗੁਲਜ਼ਾਰ ਸੀ

-0-

ਉਸਨੇ
ਮੌਤ ਦੇ ਅਨੁਭਵ ਚੋਂ
ਜੀਵਨ ਸੱਚ ਦਾ ਮੁੱਲ ਪਾ ਲਿਆ
ਦੀਵਾ ਸੀ ਮਿੱਟੀ ਦਾ ਉਹ
ਨੀਂਦਰ ਦੇ ਅਨੁਭਵ ਚੋਂ
ਉਸ ਆਪਣੇ ਆਪਨੂੰ
ਸੂਰਜ ਬਣਾ ਲਿਆ
ਦੁਆਲਾ ਰੌਸ਼ਨ ਕਰ ਦਿੱਤਾ
ਆਪਾ ਜਗਾ ਲਿਆ

-0-

ਹੁਣ
ਉਹ ਖੁੱਲ੍ਹਕੇ ਜਿਉਂਦਾ
ਖੁਲ੍ਹਕੇ ਜੀਵਨ ਹੰਢਾਉਂਦਾ ਸੀ
ਜੀਵਨ ਦੀ ਹਰ ਮੌਥਾਜ਼ੀ ਤੋਂ
ਸੁਤੰਤਰ ਨਜ਼ਰ ਆਉਂਦਾ ਸੀ

-----

## ਮੇਲਾ

ਉਹ ਦੁਨੀਆਂ ਦੇ ਮੇਲੇ 'ਚ
ਬਚਪਨ 'ਚ ਗੁਆਚ ਗਿਆ
ਤੇ ਮੇਲੇ 'ਚ ਜੁਆਨ ਹੋ ਕੇ
ਆਪਣੇ ਆਪਨੂੰ ਮਿਲਿਆ
ਉਹ ਫੁੱਲ ਦੇ ਮੱਥੇ 'ਚ
ਪੱਥਰ ਬਣ ਕੇ ਉੱਗਿਆ ਸੀ
ਉਹ ਜੀਵਨ ਦੇ
ਈਸਾ ਦੀਆਂ ਤਲੀਆਂ 'ਚ
ਕਿੱਲਾਂ ਵਾਂਗ ਖੁਭਿਆ ਸੀ

-0-

ਉਹ ਜਦ ਮੇਲੇ 'ਚ ਗੁਆਚਾ ਸੀ
ਇਕ ਫੁੱਲ ਸੀ ਖ਼ੁਸ਼ਬੂ ਸੀ
ਰੁੱਤ ਸੀ ਮੌਸਮ ਸੀ ਬਹਾਰ ਸੀ
ਨਿਰਮਲ ਜਲਦੀ ਰੂਹ ਸੀ
ਜਿਸਦਾ ਤਲ ਵੀ ਦਰਪਣ ਸੀ
ਦਰਪਣ ਵੀ ਤਲ ਸੀ
ਉਹ ਅੱਜ ਦਾ ਅੱਜ ਸੀ
ਨਾ ਭਵਿੱਖ ਸੀ ਨਾ ਕੱਲ੍ਹ ਸੀ
ਉਸਦੇ ਜਿਸਮ ਤੇ ਇੰਦਰੀਆਂ

ਖ਼ੁਸ਼ਬੂ ਆਉਂਦੀ ਸੀ
ਉਸਦੀਆਂ ਅੱਖ਼ਾਂ ਚੋਂ
ਸੱਚ ਝਾਕਦਾ ਸੀ
ਉਸਦੇ ਜਿਸਮ 'ਚ
ਸਭ ਕੁੱਝ ਸੁੱਤਾ ਸੀ
ਬਸ ਇਕ ਰੱਬ ਜਾਗਦਾ ਸੀ

-0-

ਉਹ ਜਦ
ਮੇਲੇ 'ਚ ਜੁਆਨ ਹੋ ਕੇ
ਆਪਣੇ ਆਪਨੂੰ ਮਿਲਿਆ
ਤਾਂ ਉਸਦਾ ਚਿਹਰਾ
ਤਿੜਕਿਆ ਸੀ
ਬੋਲਾਂ 'ਚ ਕ੍ਰੋਧ ਮਨ 'ਚ ਲੋਭ
ਜਿਸ਼ਮ 'ਚ ਮੋਹ
ਤੇ ਮਸਤਕ 'ਚ ਹੰਕਾਰ ਸੀ
ਉਹ ਉਜੜਿਆ ਘਰ ਸੀ
ਜਿਸਦਾ ਹਰ ਦੁਆਰ ਬੰਦ ਸੀ
ਉਸ ਘਰ 'ਚ ਚੁੱਪ ਇਕੱਲਤਾ
ਉਦਾਸੀ ਤੇ ਵੀਰਾਨੀ ਦੀ ਬਹਾਰ ਸੀ

-0-

ਉਸਦੇ ਜਵਾਨ ਕਲਬੂਤ 'ਚ
ਨਫ਼ਰਤ ਭਰਿਆ ਇਨਸਾਨ ਸੀ

ਬਰੂਦ ਅੱਗਾਂ ਕਬਰਾਂ ਤੇ ਸ਼ਮਸ਼ਾਨ
ਜ਼ਿੰਦਗੀ 'ਚ ਬੀਜਣ ਦਾ
ਉਹ ਬਣਿਆ ਸਾਮਾਨ ਸੀ
ਦਰਿੰਦਗੀ ਦਹਿਸ਼ਤ ਜ਼ੁਲਮ ਤੇ
ਇਨਸਾਨੀਅਤ ਦਾ ਖ਼ੂਨ ਕਰਨਾ
ਉਸਦਾ ਈਮਾਨ ਸੀ
ਜੰਗਲ਼ ਫੂਕਣੇ ਪਹਾੜ ਪੱਥਰਾਉਣੇ
ਸਾਗਰ ਸੁਕਾਉਣੇ
ਸਹਿਰਾ ਬੀਜਣੇ
ਉਸਦਾ ਜਹਾਨ ਸੀ

-0-

ਮੇਲੇ 'ਚ
ਜਦ ਉਹ ਗੁਆਚਿਆ ਸੀ
ਉਸਦੀ ਖ਼ੁਸ਼ਬੂ ਮਾਸੂਮੀਅਤ ਸੱਚ
ਸੁੰਦਰਤਾ ਕਲਿਆਣ ਤੇ
ਉਸਦੀ ਰੱਬੀ ਨੁਹਾਰ ਵੀ
ਗੁਆਚ ਗਈ ਸੀ
ਮੇਲੇ ਦੀ ਦੁਨੀਆਂ ਨੇ
ਇਹ ਸਭ ਕੁੱਝ
ਉਸ ਚੋਂ ਨਿਚੋੜ ਕੇ
ਉਸ 'ਚ ਆਪਣਾ ਵਜ਼ੂਦ ਧ਼ਰ ਦਿੱਤਾ
ਆਪਣਾ ਕੁਫ਼ਰ ਕਹਿਰ ਤੇ ਜ਼ਹਿਰ

ਉਸਦੀ ਰੂਹ 'ਚ ਭਰ ਦਿੱਤਾ
ਪੱਥਰਾਂ ਦੀ ਦੁਨੀਆਂ ਨੇ
ਪੱਥਰਾਂ ਦੀ ਖ਼ਾਤਰ
ਉਸ ਫੁੱਲ ਜਿਹੇ ਸੱਚ ਦਾ
ਕਤਲ ਕਰ ਦਿੱਤਾ
ਉਹ ਫੁੱਲ ਤੋਂ ਪੱਥਰ ਦਾ ਰੂਪ ਹੋ ਗਿਆ
ਦੁਨੀਆਂ ਦੇ ਮੇਲੇ ਦੇ
ਸੱਚ ਦਾ ਸਰੂਪ ਹੋ ਗਿਆ

-0-

ਦੁਨੀਆਂ ਦੇ ਮੇਲੇ ਨੂੰ ਡਰ ਸੀ
ਕਿ ਉਹ ਆਪਣੇ ਆਪ 'ਚ
ਸਾਰਾ ਮੇਲਾ ਢਾਲ ਨਾ ਲਵੇ
ਮੇਲੇ ਦੇ ਵਜੂਦ 'ਚ
ਆਪਣਾ ਵਜੂਦ ਉਤਾਰ ਨਾ ਦੇਵੇ
ਮੇਲਾ ਸੱਚ ਸੁੰਦਰਤਾ ਕਲਿਆਣ
ਦਯਾ ਪਿਆਰ ਤੇ ਤਿਆਗ ਦਾ
ਆਦੀ ਨਹੀਂ ਸੀ
ਇਹ ਸਭ ਕੁੱਝ
ਜਿਉਣ ਦੀ ਮੇਲੇ ਦੀ ਵਾਦੀ ਨਹੀਂ ਸੀ
ਇਸ ਲਈ
ਮੇਲੇ ਨੇ ਆਪਣੇ ਆਪਨੂੰ
ਉਸ 'ਚ ਉਤਾਰ ਦਿੱਤਾ
ਆਪਣਾ ਆਪਾ ਉਸ 'ਚ ਜਗਾ ਦਿੱਤਾ
ਉਸਦੇ ਬਚਪਨ ਦਾ ਦੀਵਾ ਬੁੱਝਾ ਦਿੱਤਾ

-0-

ਹੁਣ ਉਹ
ਜਦ ਮੇਲੇ 'ਚ ਜੁਆਨ ਹੋਇਆ
ਆਪਣੇ ਆਪਨੂੰ ਮਿਲਿਆ
ਦੁਨੀਆਂ ਦੇ ਮੇਲੇ 'ਚ ਮੇਲੇ ਜਿਹਾ
ਮੇਲੇ 'ਚ ਗੁਆਚਾ ਮੇਲੇ ਜਿਹਾ
ਇਕ ਹੋਰ ਫੁੱਲ ਪੱਥਰ ਹੋਇਆ ਸੀ
ਜੋ ਮੇਲੇ ਦੇ ਚਿਹਰੇ ਤੇ ਉੱਗਾ
ਪੈਰਾਂ 'ਚ ਮੋਇਆ ਸੀ
ਜੋ ਦੁਨੀਆਂ ਦੇ ਮੇਲੇ ਦਾ ਵਿਸਥਾਰ ਸੀ
ਬਚਪਨ 'ਚ ਮੋਏ ਸੱਚ ਦੀ
ਮੇਲੇ ਦੀ ਜੁਆਨੀ ਤੇ ਬਹਾਰ ਸੀ

-----

# ਸੌਗਾਤ

ਉਸਦੇ ਦਿਲ ਦਿਮਾਗ਼ 'ਚ
ਪਿਆਰ ਦੀ ਸੌਗਾਤ ਸੀ
ਉਸਦੇ ਨੈਣਾਂ 'ਚ ਰੌਸ਼ਨੀ
ਪੈਰਾਂ 'ਚ ਗਤੀਆਂ ਦੀ ਬਹਾਰ ਸੀ
ਉਸਦੀ ਚਾਲ 'ਚ
ਇਕ ਉਤਸ਼ਾਹ ਸੀ
ਉਸਨੂੰ ਕੰਡੇ ਮਿੱਧਣ ਦਾ
ਮੁਸੀਬਤਾਂ ਤੇ ਫ਼ਤਹਿ ਪਾਉਣ ਦਾ
ਚਾਅ ਸੀ

—0—

ਉਹ ਕੰਡੇ ਮਿੱਧਦਾ ਗਿਆ
ਸਾਗਰ ਚੀਰਦਾ ਗਿਆ
ਸਹਿਰਾ ਫ਼ਹਤਿ ਕਰਦਾ ਗਿਆ
ਪਹਾੜਾਂ ਦੀਆਂ ਸਿਖ਼ਰਾਂ ਤੇ
ਆਪਣੇ ਕਦਮ ਧਰਦਾ ਗਿਆ
ਉਹ ਸੂਈ ਦੇ ਨੱਕੇ ਚੋਂ
ਪਹਾੜ ਗੁਜ਼ਾਰਦਾ ਗਿਆ
ਅੰਬਰ
ਧਰਤੀ ਤੇ ਉਤਾਰਦਾਂ ਗਿਆ

—0—

ਉਸਨੇ
ਸੂਰਜ ਮੂੰਹ 'ਚ ਪਾ ਲਿਆ
ਤੇ ਮਨਥੇ ਸਮੁੰਦਰ ਦਾ ਜ਼ਹਿਰ
ਬੁੱਲ੍ਹਾਂ ਨੂੰ ਲਾ ਲਿਆ

ਉਹ ਕਬਰਾਂ ਚੋਂ
ਜ਼ਿੰਦਗੀ ਉੱਗਾਉਂਦਾ ਗਿਆ
ਤੇ ਜ਼ਿੰਦਗੀ ਨੂੰ
ਮੌਤ ਦਾ ਸੱਚ ਸਮਝਾਉਂਦਾ ਗਿਆ

-0-

ਉਹ ਹਵਾ ਵੀ ਬਣਿਆ
ਅੱਗ ਵੀ
ਜਲ ਤੋਂ ਭਾਫ਼ ਹੋ
ਧਰਤ ਤੋਂ ਆਕਾਸ਼ ਤੇ ਤੁਰਿਆ
ਉਹ ਚਲਦਾ ਗਿਆ
ਕਿਤੇ ਵੀ ਨਾ ਰੁਕਿਆ
ਉਸਦੇ ਪੈਰਾਂ ਲਈ
ਰਾਹ ਹਮੇਸ਼ਾਂ ਰੌਸ਼ਨ ਰਹੇ
ਉਸਦੇ ਮਸਤਕ 'ਚ
ਕਦੀ ਵੀ ਹਨ੍ਹੇਰ ਨਾ ਪੁੱਗਿਆ

-0-

ਇਸ ਜੀਵਨ ਸਫ਼ਰ 'ਚ
ਪੱਥਰ ਨੂੰ ਪੀਠ ਕੇ ਸੀਮਿਟ ਕਰਨ ਦੀ
ਜੀਵਨ ਸੰਘਰਸ਼ ਦੇ ਪਸੀਨੇ ਨੂੰ
ਬੂੰਦ ਤੋਂ ਮੋਤੀ ਬਣਨ ਦੀ
ਧਰਤੀ ਕੱਛੋਮਾਰ
ਸੂਰਜ ਮੁੱਠ 'ਚ ਫੜਣ ਦੀ
ਉਸਦੀ ਜਿਉਂਦੀ ਲਾਲਸਾ ਰਹੀ

ਜੀਵਨ ਸਾਗਰ ਤਰਨ ਦੀ
ਉਸਦੀ ਆਸਥਾ ਰਹੀ

-0-

ਜੀਵਨ ਦੀ ਝੋਲ਼ੀ 'ਚ
ਉਹ ਫ਼ਤਹਿ ਦੇ ਹਾਜ਼ੂਮ ਧਰਦਾ ਰਿਹਾ
ਮੌਤ ਨੂੰ ਪਾਵੇ ਨਾਲ ਬੰਨ੍ਹ
ਆਪਣੀ ਬੂੰਦ 'ਚ
ਸਾਗਰ ਧਰਦਾ ਰਿਹਾ
ਆਪਣਾ ਹੌਸਲਾ ਚਟਾਨ
ਕਰਨ ਦੀ ਸ਼ਕਤੀ ਦਾ ਸੋਮਾ
ਉਸ ਇਨਸਾਨ 'ਚ ਸੀ
ਪਿਆਰ ਦੀ ਸੌਗਾਤ
ਉਸਦੇ ਦਿਲ ਦਿਮਾਗ਼ 'ਚ ਸੀ
ਉਸਦੀ ਹਰ ਰਾਤ ਸੂਰਜਾਂ ਦੀ ਬਹਾਰ ਸੀ
ਉਹ ਜ਼ੁਲਮ ਦੀ ਗਰਦਨ ਤੇ ਲਟਕਦੀ
ਨੰਗੀ ਤਲਵਾਰ ਸੀ

-0-

ਉਸਦੇ ਪਿੰਡੇ ਦੀ ਧਰਤੀ ਚੋਂ
ਸ਼ਕਤੀਆਂ ਦੇ ਫੁੱਟਦੇ ਆਬਸ਼ਾਰ ਸੀ
ਪਿਆਰ ਦੇ ਜਜ਼ਬੇ ਨੇ ਉਸਨੂੰ
ਇਨਸਾਨ ਤੋਂ
ਭਗਤ ਸੂਰਾ ਤੇ ਦਾਤਾ ਬਣਾ ਦਿੱਤਾ
ਦੁਨੀਆਂ ਦੀ ਹਰ ਸ਼ਕਤੀ ਨੂੰ
ਉਸਦੇ ਪੈਰੀਂ ਬਿਠਾ ਦਿੱਤਾ
"ਜਿੰਨ ਪ੍ਰੇਮ ਕ਼ੀਓ ਤਿੰਨ ਹੀ ਪ੍ਰਭੁ ਪਾਇਓ"
ਦੀ ਬਾਣੀ ਦਾ ਸੱਚ ਬਣਾ ਦਿੱਤਾ

-----

## ਅਰਪਣ

ਐ ਦੋਸਤ
ਆਪਣੀਆਂ ਹੱਸਦੀਆਂ ਅੱਖ੍ਹਾਂ
ਮੁਸਕਰਾ ਰਿੰਹਾ ਚਿਹਰਾ
ਉਤਸ਼ਾਹ ਦਾ ਖ਼ਜ਼ਾਨਾ ਮਨ
ਤੇ ਸਫ਼ਰ ਸਿਰਜਦੇ ਪੈਰ
ਦੇ ਦੇ ਮੈਨੂੰ
ਤਾਂ ਕਿ ਮੈਂ
ਜ਼ਿੰਦਗੀ ਦਾ ਸਫ਼ਰ
ਹੱਸਦਾ ਤਹਿ ਕਰ ਸਕਾਂ
ਮਰਨ ਪਿੱਛੋਂ ਆਪਣੀ ਕਬਰ ਤੇ
ਮੱਘਦੇ ਸੂਰਜ ਧਰ ਸਕਾਂ

-0-

ਮੈਂ ਚੀਰ ਕੇ ਪਹਾੜ
ਨਦੀਆਂ ਵਹਾ ਦੇਵਾਂ
ਮੈਂ ਸਹਿਰਾ ਦੇ ਤਪਦੇ ਥਲ 'ਚ
ਜੰਗਲ ਉੱਗਾ ਦੇਵਾਂ
ਮੈਂ ਪੱਥਰਾਂ ਨੂੰ ਤਰਨਾ ਸਿੱਖਾ ਦੇਵਾਂ
ਰੁੱਖਾਂ ਨੂੰ ਪੈਰ ਲਾ ਦੇਵਾਂ
ਮੈਂ ਕਬਰਾਂ ਚੋਂ ਜ਼ਿੰਦਗੀ ਜਗਾ ਦੇਵਾਂ
ਮੈਂ ਚਾਹੁੰਦਾ ਹਾਂ
ਮੈਂ ਆਪਣਾ ਜੀਵਨ
ਜੀਵਨ ਦੀ ਚੜ੍ਹਦੀ ਕਲਾ ਨੂੰ
ਅਰਪਣ ਕਰ ਜਾਵਾਂ
ਕੁੱਝ ਕਰਕੇ ਮਰ ਜਾਵਾਂ

-0-

ਮੈਂ ਕੋਠਿਆਂ ਨੂੰ
ਤੀਰਥਾਂ 'ਚ ਬਦਲ ਦੇਵਾਂ
ਇਕ ਵੇਸ਼ੀਆ ਦੀ ਸਰਦਲ ਤੇ
ਮਾਂ ਧੀ ਪਤਨੀ
ਇਕ ਔਰਤ ਦਾ ਸੱਚ ਧਰ ਦੇਵਾਂ
ਸਿਮਰਨ ਪੂਜਾ
ਤੇ ਅਰਾਧਨਾ ਦੀ ਖ਼ੁਸ਼ਬੂ ਸੰਗ
ਵੇਸ਼ੀਆ ਦਾ ਆਂਗਣ ਭਰ ਦੇਵਾਂ

-0-

ਬਣਾ ਕੇ ਮੂਰਤੀ
ਵੇਸ਼ੀਆ ਦੀ ਮਿੱਟੀ ਦੀ
ਰੱਬੀ ਰੂਪ ਸਾਬਤ ਕਰ ਦੇਵਾਂ
ਉਹਦੀ ਕਰਨੀ
ਜੋ ਜੀਵਨ ਫੂਕਦੀ ਹੈ
ਜਿਉਂਦੇ ਮੁਰਦੇ ਮਨੁੱਖਾਂ 'ਚ
ਉਹਦੀ ਕਰਨੀ ਲਈ
ਅਰਘਾ ਸੂਰਜਾਂ ਦਾ ਧਰ ਜਾਵਾਂ
ਇਕ ਵੇਸ਼ੀਆ ਦੀ
ਤਾਸੀਰ ਜ਼ਮੀਰ ਫ਼ਿਤਰਤ ਦਯਾ
ਤਿਆਗ਼ ਤੇ ਮੁਹੱਬਤ ਦੇ ਜ਼ਜ਼ਬੇ ਤੋਂ
ਇਹ ਦੁਨੀਆਂ ਦਾ ਰੱਬ ਵੀ
ਕੁਰਬਾਨ ਕਰ ਜਾਵਾਂ

-0-

ਖੜ੍ਹੇ ਪਾਣੀ ਵੀ ਹਨ
ਮਨੁੱਖ ਵੀ ਹਨ
ਖੜ੍ਹੇ ਪਾਣੀਆਂ 'ਚ ਗਤੀਆਂ
ਤੇ ਸੁਗੰਧੀਆਂ ਬੀਜਾਂ
ਮਨੁੱਖ ਜੋ ਜ਼ਿੰਦਗੀ ਤੋਂ ਮੂੰਹ ਫੇਰ ਕੇ
ਕਬਰਾਂ ਦੇ ਹੋ ਗਏ
ਜ਼ਿੰਦਗੀ ਦੀਆਂ ਰੌਣਕਾਂ ਖ਼ੁਸ਼ਬੂਆਂ
ਤੇ ਰੰਗੀਨੀਆਂ
ਉਨ੍ਹਾਂ ਦੇ ਨੈਣੀਂ
ਉਨ੍ਹਾਂ ਦੇ ਪੈਰੀਂ ਧਰ ਜਾਵਾਂ
ਕਿ ਮਨੁੱਖ
ਜ਼ਿੰਦਗੀ 'ਚ ਉਤਰ ਜਾਏ
ਮਨੁੱਖ ਚੋਂ ਜ਼ਿੰਦਗੀ ਦੀ ਮਹਿਕ
ਜ਼ਿੰਦਗੀ ਚੋਂ
ਮਨੁੱਖ ਦੀ ਮਹਿਕ ਆਏ
ਮਨੁੱਖ ਤੇ ਜ਼ਿੰਦਗੀ
ਜਿੱਧਰ ਵੀ ਜਾਏ

-0-

ਮੈਂ ਬਾਲਾਂ
ਹਰ ਘਰ ਦਾ ਚੁੱਲ੍ਹਾ
ਪੂੰਝਾਂ ਹਰ ਅੱਖ ਦੇ ਅੱਥਰੂ
ਮੈਂ ਢੱਕਾਂ ਠਰ ਰਹੀ ਪਾਲੇ 'ਚ ਜ਼ਿੰਦਗੀ

ਮੈਂ ਛਾਂ ਕਰਾਂ
ਧੁੱਪਾਂ 'ਚ ਜੋ ਸੜ ਰਹੀ
ਜ਼ਿੰਦਗੀ
ਮੈਂ ਜਲ ਹੋ ਕੇ
ਮਨੁੱਖ ਦੀ ਪਿਆਸ ਬੁਝਾਵਾਂ
ਮੈਂ ਅੰਨ੍ਹ ਹੋ ਕੇ
ਮਨੁੱਖ ਦੀ ਭੁੱਖ ਮਿਟਾਵਾਂ
ਮਨੁੱਖ ਨੇ ਪਹੁੰਚਣਾ ਹੈ ਜਿੱਥੇ
ਮੈਂ ਉਂਗਲੀ ਲਾ ਕੇ ਉਸਨੂੰ
ਉਸ ਥਾਂ ਤੇ ਲੈ ਜਾਵਾਂ

-0-

ਮੈਂ ਨਿਚੋੜਾਂ ਭਰਿਸ਼ਟਾਚਾਰ
ਰਿਸ਼ਵਤਖੋਰੀ ਨਫ਼ਰਤ
ਈਰਖ਼ਾ ਤੇ ਵਹਿਸ਼ਤ ਜ਼ਿੰਦਗੀ ਚੋਂ
ਜ਼ਿੰਦਗੀ
ਸੱਚ ਸੁੰਦਰਤਾ ਕਲਿਆਣ
ਪਿਆਰ ਤੇ ਤਿਆਗ ਨਾਲ ਭਰ ਜਾਵੇ

-0-

ਐ ਦੋਸਤ
ਆਪਣੀਆਂ ਹੱਸਦੀਆਂ ਅੱਖ਼ਾਂ
ਮੁਸਕਰਾ ਰਿਹਾ ਚਿਹਰਾ
ਉਤਸ਼ਾਹ ਦਾ ਖਜ਼ਾਨਾ ਮਨ
ਤੇ ਸਫ਼ਰ ਸਿਰਜਦੇ ਪੈਰ
ਦੇ ਦੇ ਮੈਨੂੰ

----

## ਦੋ ਰੁੱਖ

ਅਸੀਂ ਦੋਵੇਂ
ਇਕ ਜੰਗਲ ਦੇ ਰੁੱਖ ਹਾਂ
ਉਹ ਮਰਨ ਤੋਂ ਡਰਦਾ ਹੈ
ਮੈਂ ਜੀਣ ਤੋਂ ਡਰਦਾ ਹਾਂ

-0-

ਉਸ ਵਿਚ ਫੁੱਲ ਹਨ
ਮਹਿਕਾਂ ਰੰਗ ਰੰਗੀਨੀਆਂ ਹਨ
ਰੁੱਖ ਤੋਂ ਜੰਗਲ ਹੋਣ ਦਾ
ਅਹਿਸਾਸ ਹੈ
ਉਸਦੇ ਉਤਸ਼ਾਹ 'ਚ
ਗੁਲਸ਼ਨ ਦਾ ਕਾਰੋਬਾਰ ਹੈ
ਉਹ ਆਪਣੀ
ਹਰ ਟਹਿਣੀ 'ਚ ਤੁਰਦਾ ਹੈ
ਹਰ ਫੁੱਲ 'ਚ ਜਿਉਂਦਾ ਹੈ
ਫੱਲਾਂ ਦਾ ਰਿਜ਼ਕ ਮਾਣਦਾ ਹੈ
ਆਪਣੇ ਬੀਜ ਦਾ ਪੁਜਾਰੀ ਹੈ
ਉਸਨੇ ਆਪਣੀ ਹਸਤੀ
ਆਪਣੇ ਫੈਲੇ ਵਜੂਦ 'ਚ ਖਿਲਾਰੀ ਹੈ

-0-

ਇਹ ਜੀਵਨ
ਉਸ ਲਈ ਸੱਚ ਸੁੰਦਰਤਾ ਤੇ
ਕਲਿਆਣ ਦਾ ਆਧਾਰ ਹੈ

ਉਹ ਮੌਤ ਤੋਂ ਡਰਦਾ ਹੈ
ਕਿਉਂਕਿ
ਉਸਨੂੰ ਜੀਵਨ ਨਾਲ ਪਿਆਰ ਹੈ
ਉਹ ਜੀਵਨ 'ਚ
ਪਿਆਰ ਤਿਆਗ਼ ਤੇ ਸਬਰ
ਸੰਤੋਖ ਬੀਜਦਾ ਹੈ
ਸੱਚ ਸੁੰਦਰਤਾ ਸਹਿਣਸ਼ੀਲਤਾ
ਕਲਿਆਣ ਤੇ ਦਯਾ ਧਰਦਾ ਹੈ
ਉਹ ਆਪਣਾ ਵਜ਼ੂਦ ਤੇ ਰੂਹ
ਦੁਨੀਆਂ ਦੇ ਸੱਚ ਨਾਲ ਭਰਦਾ ਹੈ

-0-

ਉਹ ਦੁਨੀਆਂ ਦਾ ਵਜ਼ੂਦ ਹੈ
ਦੁਨੀਆਂ ਉਸਦਾ ਪ੍ਰਾਣ ਹੈ
ਉਹ ਜੀਵਨ ਤੇ ਜੀਵਨ ਦਾ
ਸੱਚ ਸਮਝਦਾ ਹੈ
ਉਹ ਰੁੱਖ ਨਹੀਂ
ਇਨਸਾਨ ਹੈ
ਉਸਨੂੰ ਦੁਨੀਆਂ ਦਾ ਲੋਭ ਮੋਹ
ਲਾਲਚ ਨਹੀਂ
ਉਸ ਨੂੰ
ਆਪਣੇ ਤਿਆਗ਼ ਨਾਲ ਪਿਆਰ ਹੈ

ਉਸਦਾ
ਵਜ਼ੂਦ ਤੇ ਰੂਹ ਸੰਸਾਰ ਹੈ
ਇਹ ਤਿਆਗ਼
ਉਹ ਸਦਾ ਹੀ ਦੁਨੀਆਂ ਦੀ
ਭੇਟ ਕਰਦਾ ਹੈ
ਇਸ ਤਿਆਗ਼ ਦੇ ਮੋਹ 'ਚ ਹੀ
ਉਹ ਮਰਨੋਂ ਡਰਦਾ ਹੈ

–0–

ਅਸੀਂ ਦੋਵੇਂ
ਇਕ ਜੰਗਲ ਦੇ ਰੁੱਖ ਹਾਂ
ਉਹ ਮਰਨ ਤੋਂ ਡਰਦਾ ਹੈ
ਮੈਂ ਜੀਣ ਤੋਂ ਡਰਦਾ ਹਾਂ

–0–

ਉਸਦੀ ਬਨਿਸਪਤ
ਮੈਂ ਜੀਣ ਤੋਂ ਡਰਦਾ ਹਾਂ
ਜੀਵਨ ਦੀ ਕਿਸੇ ਵੀ
ਮੌਥਾਜ਼ੀ ਦਾ
ਮੈਂ ਦਮ ਨਾ ਭਰਦਾ ਹਾਂ
ਮੈਂ ਜੀਵਨ ਤੋਂ ਉਪਰਾਮ ਹਾਂ
ਜੀਵਨ ਮੇਰੇ ਤੋਂ ਉਪਰਾਮ ਹੈ
ਮੈਂ ਜੀਵਨ ਜਿਉਣਾ ਨਹੀਂ ਚਾਹੁੰਦਾ
ਮੈਂ ਜੀਵਨ ਸਾਗਰ ਤਰ ਕੇ
ਆਪਣੇ ਆਪਨੂੰ

ਮੋਹ ਮਾਇਆ ਨਾਲ
ਭਿਊਣਾ ਨਹੀਂ ਚਾਹੁੰਦਾ
ਮੈਨੂੰ ਵੇਖਣ ਸੁਣਨ ਬੋਲਣ
ਤੋਂ ਨਫ਼ਰਤ ਹੈ
ਇਸ ਸਭ ਦੀ ਕਾਰਜ ਪ੍ਰਣਾਲੀ 'ਚ
ਮੈਂ ਆਪਣੇ ਆਪ 'ਚ
ਸੁਤੰਤਰ ਨਹੀਂ ਹਾਂ
ਕਿਸੇ ਦੇ ਅਧੀਨ ਹਾਂ
ਮੈਂ ਬੀਜਦਾ ਕੁੱਝ ਹੋਰ ਹਾਂ
ਮੇਰੇ ਚੋਂ ਉੱਗਦਾ ਕੁੱਝ ਹੋਰ ਹੈ
ਮੈਂ ਤੇ ਆਪਣੇ ਆਪ 'ਚ
ਬੇਜਾਨ ਮਿੱਟੀ ਦਾ ਸਰੀਰ ਹਾਂ
ਮੇਰੇ 'ਚ ਕੁੱਝ ਵੀ ਆਪਣਾ ਨਹੀਂ
ਇਸ ਦੁਨੀਆਂ 'ਚ ਮੇਰਾ ਕੀ ਹੈ
ਮੇਰੇ 'ਚ ਤੇ ਨਾ ਮੇਰਾ
ਆਪਣਾ ਜੀਅ ਹੈ

–0–

ਮੈਂ ਉਹ ਰੁੱਖ ਹਾਂ
ਜਿਸਦੀ ਆਪਣੀ ਕੋਈ ਛਾਂ ਨਹੀਂ
ਪੱਤਾ ਟਹਿਣੀ ਫੱਲ ਨਹੀਂ ਬੀਜ ਨਹੀਂ
ਆਪਣਾ ਕੋਈ ਥੌਹ ਟਿਕਾਣਾ ਨਹੀਂ
ਮੇਰੇ ਪੱਤੇ ਟਹਿਣੀਆਂ ਫੱਲ ਬੀਜ ਵੀ
ਮੇਰੇ ਨਹੀਂ
ਸਭ ਆਪਣੇ ਆਪਣੇ ਹਨ

ਮੇਰੇ ਤੋਂ ਸਿਵਾ
ਇਹ ਮੇਰੇ ਕੰਮ ਨਹੀਂ ਆਉਣੇ
ਮੈਂ ਇਨ੍ਹਾਂ ਦੇ ਮੋਹ 'ਚ
ਫਸ ਕੇ ਕੀ ਲੈਣਾ ਹੈ
ਮੈਂ ਕਿਹੜਾ ਇਨ੍ਹਾਂ ਦਾ
ਸੂਤ ਕੱਤਣਾ ਹੈ
ਮੈਂ ਕਿਸ ਲਈ
ਇਨ੍ਹਾਂ ਨੂੰ ਸਾਂਭ ਸਾਂਭ
ਰੱਖਣਾ ਹੈ

-0-

ਮੈਂ ਮਿੱਟੀ ਦਾ ਪੁਤਲਾ ਹਾਂ
ਮੇਰੀ ਮਿੱਟੀ ਨੂੰ ਤਾਂ
ਮੇਰੀ ਮਿੱਟੀ ਦਾ ਵੀ ਅਹਿਸਾਸ ਨਹੀਂ
ਆਪਣੇ ਆਪ ਤੋਂ ਸਿਵਾ
ਸਭ ਪਰਾਏ ਨੇ
ਕੋਈ ਕਿਸੇ ਦੇ ਸਾਥ ਨਹੀਂ
ਮੇਰਾ ਚਿਹਰਾ ਹੀ ਨਹੀਂ ਕੋਈ
ਤਾਂ ਮੇਰੀ ਪਹਿਚਾਣ ਕੀ ਹੈ
ਮੈਂ ਬੇਜਾਨ
ਮਿੱਟੀ ਦਾ ਪੁਤਲਾ ਹਾਂ
ਮੇਰੇ ਲਈ ਜ਼ਿੰਦਗੀ ਕੀ ਹੈ
ਸ਼ਮਸ਼ਾਨ ਕੀ ਹੈ

-0-

ਮੈਂ ਮਿੱਟੀ
ਨਾ ਜ਼ਿੰਦਗੀ ਨਾ ਸੰਸਾਰ
ਮੇਰਾ ਹੈ
ਨਾ ਇਹ ਦਰਪਣ
ਨਾ ਇਹ ਚਿਹਰਾ ਮੇਰਾ ਹੈ
ਨਾ ਇਹ ਦੇਹ ਨਾ ਪ੍ਰਾਣ ਮੇਰਾ ਹੈ
ਇਸ ਲਈ
ਮੈਂ ਜੀਣੋਂ ਡਰਦਾ ਹਾਂ
ਜੋ ਮਿੱਟੀ.ਹੀ ਮੇਰੀ ਨਹੀਂ
ਉਸ ਲਈ
ਕਿਉਂ ਦਮ ਭਰਦਾ ਹਾਂ

-0-

ਅਸੀਂ ਦੋਵੇਂ
ਇਕ ਜੰਗਲ ਦੇ ਰੁੱਖ ਹਾਂ
ਉਹ ਮਰਨ ਤੋਂ ਡਰਦਾ ਹੈ
ਮੈਂ ਜੀਣ ਤੋਂ ਡਰਦਾ ਹਾਂ

-----

## ਚਿੰਤਾ ਮੁਕਤ

ਜਦ ਮੈਂ
ਆਪਣੇ ਆਪ 'ਚ ਹੁੰਦਾ ਹਾਂ
ਤਾਂ ਸੋਚਦਾ ਹਾਂ
ਉਹਦੇ 'ਚ ਕੀ ਹੋਵੇਗਾ
ਜਦ ਮੈਂ ਉਹਦੇ 'ਚ ਹੁੰਦਾ ਹਾਂ
ਤਾਂ ਸੋਚਦਾ ਹਾਂ
ਮੇਰੇ 'ਚ ਕੀ ਹੋਵੇਗਾ

-0-

ਮੈਂ ਸ਼ਾਇਦ
ਆਪਣੇ ਆਪ 'ਚ
ਉਹਦੇ ਪੈਰਾਂ ਦੀ ਗਤੀ
ਅੱਖਾਂ ਦੀ ਤੱਕਣੀ
ਬੋਲ ਕੰਨ ਦੇਹ ਦੀ ਕਾਰਜ
ਪ੍ਰਣਾਲੀ
ਉਸਦਾ ਜੀਵਨ
ਤੇ ਜੀਵਨ ਧਰਾਤਲ ਹਾਂ

-0-

ਪਰ
ਉਸਦੇ ਪੈਰਾਂ ਚੋਂ ਅੱਖਾਂ ਚੋਂ
ਬੋਲਾਂ ਚੋਂ ਦੇਹ ਚੋਂ
ਉਸਦੇ ਅੰਦਰ ਚੋਂ
ਉਸਦੇ ਦੁਆਲੇ ਚੋਂ ਮਨਫ਼ੀ ਚੋਂ

ਮੇਰੀਆਂ ਅੱਖਾਂ
ਉਸਦੇ ਜਨਮ ਤੋਂ
ਉਸਦੀ ਕਬਰ ਤੱਕ
ਉਸ ਦੁਆਲੇ ਫੈਲਦੀਆਂ ਹਨ
ਉਸਦੇ ਹਰ ਕਦਮ
ਉਸਦੀ ਹਰ ਹਰਕਤ ਲਈ
ਮੇਰਾ ਮੁਤਮਈਅਨ ਹੋਣਾ ਲਾਜ਼ਮੀ ਹੈ
ਉਸਨੂੰ ਕਾਰਜ ਕਰਨ ਦਾ ਹੱਕ ਹੈ
ਪਰ ਫੱਲ ਦਾ ਫੈਸਲਾ ਮੈਂ
ਆਪਣੇ ਕੋਲ ਰੱਖਿਆ ਹੈ
ਇਸ ਲਈ
ਮੈਂ ਉਸਦੀ ਖ਼ਾਤਿਰ
ਚਿੰਤਾਜਨਕ ਰਹਿੰਦਾ ਹਾਂ

–0–

ਜਦ ਉਸ 'ਚ ਬਹਿੰਦਾ ਹਾਂ
ਤਾਂ ਆਪਣੇ ਵੱਲ ਤੁਰਦਾ ਹਾਂ
ਜਦ ਆਪਣੇ 'ਚ ਬਹਿੰਦਾ ਹਾਂ
ਤਾਂ ਉਸਦੇ ਵੱਲ ਤੁਰਦਾ ਹਾਂ

–0–

ਮੈਂ ਉਹਦੇ 'ਚ
ਤੇ ਆਪਣੇ ਆਪ 'ਚ
ਲਟਕਦਾ ਉਹ ਅਹਿਸਾਸ ਹਾਂ
ਜੋ ਨਾ ਆਪਣੇ ਪਾਸ ਹਾਂ
ਨਾ ਉਸਦੇ ਪਾਸ ਹਾਂ

ਉਹ ਮੇਰਾ ਤਿਆਗ਼ ਹੈ
ਮੈਂ ਉਸ ਦਾ ਮੋਹ ਹਾਂ
ਮੈਂ ਉਹ ਹਾਂ ਉਹ ਜੋ ਹੈ
ਉਹ ਜੋ ਹੈ ਮੈਂ ਉਹ ਹਾਂ

-0-

ਮੈਂ ਉਸ ਚੋਂ
ਆਪਣਾ ਆਪ ਮਨਫ਼ੀ ਕਰ ਲਵਾਂ
ਉਹ ਮੇਰੇ ਚੋਂ
ਆਪਣਾ ਆਪ ਮਨਫ਼ੀ ਕਰ ਲਵੇ
ਨਾ ਉਹ ਮੇਰੇ 'ਚ ਹੋਵੇ
ਨਾ ਮੈਂ ਉਹਦੇ 'ਚ ਹੋਵਾਂ
ਤਾਂ ਅਸੀਂ ਦੋਵੇਂ ਚਿੰਤਾਮੁਕਤ
ਹੋਵਾਂਗੇ
ਫਿਰ ਮੇਰੀ ਮਨਫ਼ੀ
ਉਸਦੀ ਮਨਫ਼ੀ ਜਮ੍ਹਾਂ ਹੋਵੇਗੀ
ਉਹ ਜਮ੍ਹਾਂ ਨਾ ਉਸਦੀ
ਨਾ ਮੇਰੀ ਹੋਵੇਗੀ
ਸਿਰਫ਼ ਮਨਫ਼ੀ ਦੀ ਮਨਫ਼ੀ
ਜਮ੍ਹਾਂ ਹੋਵੇਗੀ

----

## ਸ਼ਬਦ ਦਾ ਸਫ਼ਰ

ਮੈਂ ਸ਼ਬਦ ਹਾਂ
ਹਰ ਵਾਰ
ਆਪਣਾ ਅਰਥ ਉਸਾਰਦਾ ਹਾਂ
ਉਸਰਿਆ ਅਰਥ
ਮਨੁੱਖਤਾ ਦੇ ਵਜ਼ੂਦ 'ਚ
ਤੇ ਕਤਰਾ ਕਤਰਾ
ਮਨੁੱਖ 'ਚ ਉਤਾਰਦਾ ਹਾਂ

-0-

ਆਪਣੇ
ਅਰਥ ਦਾ ਸੱਚ
ਹੋਂਦ ਸਰੂਪ ਤੇ ਯਥਾਰਥ
ਮਨੁੱਖੀ ਲਹੂ 'ਚ ਘੋਲਦਾ ਹਾਂ
ਫਿਰ ਮੈਂ
ਆਪਣੇ ਅਰਥ ਨੂੰ
ਪੁੱਛਦਾ ਹਾਂ
ਤੂੰ ਮਨੁੱਖੀ ਲਹੂ 'ਚ
ਘੁਲ ਗਿਆ ਹੈਂ
ਮਨੁੱਖੀ ਸਵਾਸਾਂ 'ਚ
ਸਮਾ ਗਿਆ ਹੈਂ
ਮਨੁੱਖੀ ਚੇਤੰਨ ਬੁੱਧ
ਤੇ ਜਗਿਆਸਾ ਦਾ ਹਿੱਸਾ
ਬਣ ਗਿਆ ਹੈਂ

ਮਨੁੱਖ ਦੀ ਸਰੀਰਕ ਪ੍ਰਣਾਲੀ
ਤੇ ਸੁਭਾਅ ਦੀ ਗਤੀ 'ਚ
ਉਤਰ ਗਿਆ ਹੈਂ

-0-

ਅਰਥ ਆਖਦਾ ਹੈ
ਮੈਂ ਮਨੁੱਖੀ ਪੰਜਾਂ ਤੱਤਾਂ
ਤੇ ਤੱਤਾਂ ਦੀ ਕਾਰਜ
ਪ੍ਰਣਾਲੀ ਚੋਂ ਉਤਪਨ
ਚੇਤਨਾ 'ਚ ਸਮਾ ਗਿਆ ਹਾਂ

-0-

ਮੈਂ ਸ਼ਬਦ
ਮਨੁੱਖੀ ਕਤਰੇ ਨੂੰ
ਪੁੱਛਦਾ ਹਾਂ
ਉਸ ਮੇਰਾ ਅਰਥ
ਆਪਣੇ ਵਜ਼ੂਦ ਤੇ ਮਾਨਸਿਕਤਾ
'ਚ ਉਤਾਰ ਲਿਆ ਹੈ
ਮਨੁੱਖ ਕਤਰਾ
ਆਪਣਾ ਅੰਦਰ
ਮੇਰੇ ਸਾਵੇਂ ਖੋਲ੍ਹਦਾ ਹੈ
ਤੇ ਬੋਲਦਾ ਹੈ
ਐ ਸ਼ਬਦ
ਤੂੰ ਆਪਣੀ ਅੱਖੀਂ

ਆਪਣਾ ਅਰਥ
ਮੇਰੇ 'ਚ ਸਮਾਇਆ
ਵੇਖ ਸਕਦਾ ਹੈਂ
ਆਪਣੇ ਅਰਥ ਨੂੰ ਮੇਰੇ 'ਚ
ਅਰਥ 'ਚ
ਮੈਨੂੰ ਜਿਉਂਦਾ ਵੇਖ ਸਕਦਾ ਹੈਂ

–0–

ਮੈਂ ਸ਼ਬਦ
ਆਪਣੇ ਅਰਥ
ਤੇ ਮਨੁੱਖੀ ਕਤਰੇ ਚੋਂ
ਜਦ ਬਾਹਰ ਆਉਂਦਾ ਹਾਂ
ਤਾਂ
ਨਾ ਮਨੁੱਖ ਚੋਂ ਆਪਣਾ ਅਰਥ
ਨਾ ਅਰਥ ਚੋਂ
ਮਨੁੱਖ ਬੋਲਦਾ ਪਾਉਂਦਾ ਹਾਂ
ਮੈਂ
ਉਦਾਸ ਹੋ ਜਾਂਦਾ ਹਾਂ

–0–

ਇਸ ਯਤਨ 'ਚ
ਜੁੜਦਾ ਹਾਂ
ਕਿ ਮੇਰਾ ਅਰਥ
ਮਨੁੱਖ ਤੱਕ ਅੱਪੜੇ
ਤੇ
ਮਨੁੱਖ ਮੇਰੇ ਅਰਥ ਤੱਕ ਅੱਪੜੇ

ਨਾ ਮਨੁੱਖ ਅਰਥ 'ਚ
ਅੱਪੜਦਾ ਹੈ
ਨਾ ਅਰਥ ਮਨੁੱਖ 'ਚ
ਅੱਪੜਦਾ ਹੈ
ਨਾ ਹੀ ਮੇਰਾ ਯਤਨ ਮੁੱਕਦਾ ਹੈ

-0-

ਮੈਂ ਸ਼ਬਦ ਹਾਂ
ਹਰ ਵਾਰ
ਆਪਣਾ ਅਰਥ ਉਸਾਰਦਾ ਹਾਂ
ਮਨੁੱਖ 'ਚ ਅਰਥ
ਅਰਥ 'ਚ ਮਨੁੱਖ ਉਤਾਰਦਾ ਹਾਂ
ਪਰ ਜਦ
ਆਪਣੇ ਆਪ 'ਚ
ਵਾਪਸ ਪਰਤਦਾ ਹਾਂ
ਆਪਣੇ ਯਤਨ 'ਚ
ਆਪਣੇ ਆਪ ਨੂੰ ਅਸਫਲ
ਪਾਉਂਦਾ ਹਾਂ

----

## ਰੁੱਖ ਸ਼ਬਦ ਦਾ ਸਫ਼ਰ

ਮੈਂ ਰੁੱਖ ਸ਼ਬਦ ਹਾਂ
ਮੈਂ ਚਾਹੁੰਦਾ ਹਾਂ
ਆਪਣੀ ਛਾਂ
ਹਰ ਮਨੁੱਖ ਦੀ ਸਰਦਲ ਤੇ
ਧਰ ਆਵਾਂ
ਆਪਣਾ ਫੱਲ
ਹਰ ਮਨੁੱਖ ਦੇ ਮੂੰਹ ਨੂੰ ਲਾਵਾਂ
ਆਪਣਾ ਬੀਜ
ਹਰ ਮਨੁੱਖ ਦੀ ਦੇਹ ਚੋਂ
ਉੱਗਾਵਾਂ
ਤੇ ਹਰ ਮਨੁੱਖ ਦੇ ਚਿਹਰੇ ਚੋਂ
ਮੈਂ ਰੁੱਖ ਜੋ ਸ਼ਬਦ ਹਾਂ
ਨਜ਼ਰ ਆਵਾਂ

-0-

ਮੈਂ ਜੀਵਨ ਹਾਂ
ਪਰ ਮੇਰੇ ਪੈਰ ਨਹੀਂ ਹਨ
ਮੈਂ ਮਨੁੱਖ ਤੋਂ ਮਨੁੱਖਤਾ
ਤੱਕ ਜਾ ਨਹੀਂ ਸਕਦਾ
ਮੈਂ
ਜੋ ਆਪਣਾ ਸੱਚ
ਮਨੁੱਖ 'ਚ ਉੱਗਾਉਣਾ
ਚਾਹੁੰਦਾ ਹਾਂ ਉੱਗਾ ਨਹੀਂ ਸਕਦਾ

-0-

ਹਾਂ ਮੈਂ
ਆਪਣੀ ਕਲਪਨਾ 'ਚ
ਆਪਣਾ ਵਜੂਦ
ਮਨੁੱਖ 'ਚ ਧਰ ਸਕਦਾ ਹਾਂ
ਆਪਣੀ ਛਾਂ
ਮਨੁੱਖ ਦੀ ਦੇਹ 'ਤੇ
ਆਪਣੇ ਫੱਲ ਮਨੁੱਖ ਦੇ
ਮੂੰਹ ਨੂੰ ਲਾ ਸਕਦਾ ਹਾਂ
ਆਪਣਾ ਬੀਜ
ਮਨੁੱਖ ਦੀ ਦੇਹ 'ਚ ਉੱਗਾ ਸਕਦਾ ਹਾਂ

-0-

ਆਪਣੀ ਕਲਪਨਾ 'ਚ
ਮਨੁੱਖੀ ਹੋਂਦ ਦਾ ਸੱਚ
ਨੈਣ ਨਕਸ਼ ਤੇ ਚਿਹਰਾ
ਆਪਣੇ 'ਚ ਉਤਾਰ
ਸਕਦਾ ਹਾਂ
ਆਪਣੇ 'ਚ ਵਸਾ
ਸਕਦਾ ਹਾਂ
ਆਪਣੇ 'ਚ ਘੋਲ
ਸਕਦਾ ਹਾਂ
ਆਪਣੇ ਚੋਂ ਉੱਗਾ ਸਕਦਾ ਹਾਂ

-0-

ਪਰ ਇਹ
ਸਭ ਕਲਪਨਾ ਹੈ
ਯਥਾਰਥਕ ਸੱਚ ਨਹੀਂ

ਜੋ ਸ਼ਬਦਾਂ ਅਰਥਾਂ
ਜਾਂ ਦ੍ਰਿਸ਼ਟੀ 'ਚ
ਮਨੁੱਖ ਨੂੰ ਨਜ਼ਰ ਆ ਸਕੇ
ਮੇਰੀ ਇੱਛਾ ਦਾ ਸੱਚ
ਮਨੁੱਖ ਹੰਢਾ ਸਕੇ

-0-

ਇਸ ਲਈ
ਮੇਰਾ ਸ਼ਬਦ ਰੁੱਖ ਉਦਾਸ ਹੈ
ਜੋ ਕਰਨਾ ਚਾਹੁੰਦਾ ਹੈ
ਉਹ ਕਰਨ ਲਈ
ਬੇਆਸ ਹੈ
ਮੈਂ ਆਪਣੀ
ਕਲਪਨਾ ਦਾ ਸੱਚ
ਸਾਬਤ ਕਰ ਨਹੀਂ ਸਕਦਾ
ਆਪਣੇ 'ਚ ਮਨੁੱਖ
ਮਨੁੱਖ 'ਚ ਆਪਾ ਧਰ ਨਹੀਂ
ਸਕਦਾ
ਮੈਂ ਹਰ ਵਾਰ ਹੀ
ਇਹ ਯਤਨ ਕਰਦਾ ਹਾਂ
ਹਰ ਵਾਰ ਹੀ
ਇਸ ਯਤਨ 'ਚ ਹੋਇਆ
ਅਸਫਲ ਲੱਗਦਾ ਹਾਂ

----

## ਪਹਾੜ ਸ਼ਬਦ ਦਾ ਸਫ਼ਰ

ਮੈਂ ਪਹਾੜ
ਸ਼ਬਦ ਹਾਂ
ਮੈਂ ਚਾਹੁੰਦਾ ਹਾਂ
ਆਪਣਾ ਆਪਾ
ਆਪਣੀ ਸਥਿਰਤਾ ਹੌਸਲਾ
ਤੇ ਦ੍ਰਿੜ੍ਹਤਾ
ਆਪਣੀ ਹੋਂਦ ਸੱਚ ਤੇ ਵਜ਼ੂਦ
ਮਨੁੱਖ ਦੇ ਵਜ਼ੂਦ 'ਚ ਧਰਾਂ
ਆਪਣੇ ਗੁਣ
ਮਨੁੱਖ 'ਚ ਪੈਦਾ ਕਰਾਂ
ਆਪਣੀ ਸ਼ਕਤੀ ਤੇ ਆਤੁਲਤਾ
ਮਨੁੱਖ ਦੇ ਸਾਹਾਂ 'ਚ ਘੋਲਾਂ
ਮਨੁੱਖ ਦੀ ਨਜ਼ਰ ਤੋਂ
ਦਿੱਸਹੱਦੇ ਤੱਕ ਫੈਲਾਂ
ਮਨੁੱਖ ਦੀ ਨਸ ਨਸ 'ਚ
ਉਤਰ ਜਾਂ
ਮਨੁੱਖ ਪਹਾੜ ਜਿਹਾ
ਕਹਿਲਾਏ
ਪਹਾੜ ਮਨੁੱਖ ਜਿਹਾ
ਕਹਿਲਾਏ

-0-

ਮੈਂ ਚਾਹੁੰਦਾ ਹਾਂ
ਮਨੁੱਖ ਨੂੰ ਆਪਣੇ ਅੰਦਰ
ਉਤਾਰਾਂ

ਅੰਦਰ ਦੀ ਪਰਤ ਪਰਤ
ਵਿਖਾਵਾਂ
ਮੈਂ ਕੀ ਹਾਂ ਮੈਂ ਕੌਣ ਹਾਂ
ਮੇਰੀ ਆਨੰਦਤਾ ਮੇਰਾ
ਵਿਸਥਾਰ ਕੀ ਹੈ
ਕਿਸ ਸਮੱਗਰੀ ਦਾ
ਮੇਰਾ ਵਜੂਦ ਬਣਿਆ ਹੈ
ਕਿਸ ਮਿੱਟੀ ਦਾ ਵਜੂਦ
ਮੇਰੇ 'ਚ ਢਲਿਆ ਹੈ
ਕਿ ਮਨੁੱਖ
ਮੇਰੇ ਲਹੂ ਦੇ ਅਣੂਆਂ
ਮੇਰੀ ਦੇਹ ਦੀ ਅੰਦਰਲੀ
ਕਾਰਜ ਪ੍ਰਣਾਲੀ ਤੋਂ
ਜਾਣੂ ਹੋ ਸਕੇ

-0-

ਪਰ
ਮੈਂ ਪਹਾੜ ਸ਼ਬਦ
ਜਿਉਂਦਾ ਤਾਂ ਹਾਂ
ਪਰ ਅਚੱਲ ਹਾਂ
ਆਪਣਾ
ਬਾਹਰੀ ਰੂਪ ਤਾਂ
ਮਨੁੱਖ ਨੂੰ ਵਿਖਾ ਸਕਦਾ ਹਾਂ
ਪਰ
ਆਪਣਾ ਅੰਦਰ ਖੋਲ੍ਹ
ਨਹੀਂ ਸਕਦਾ

ਮੈਂ ਸੁਣ ਸਕਦਾ ਹਾਂ
ਵੇਖ ਸਕਦਾ ਹਾਂ
ਪਰ ਬੋਲ ਨਹੀਂ ਸਕਦਾ
ਮੈਂ ਮੁਰਦਾ ਆਸ ਹਾਂ
ਆਪਣੇ ਆਪ 'ਚ ਜਿਉਂਦਾ
ਮੁਰਦਾ
ਅਹਿਸਾਸ ਹਾਂ

–0–

ਆਪਣਾ ਸੱਚ
ਮਨੁੱਖ 'ਚ ਉਤਾਰਨ ਲਈ
ਮਜਬੂਰ ਹਾਂ
ਆਪਣਾ ਅੰਦਰ
ਮਨੁੱਖ ਨੂੰ ਵਿਖਾਉਣ ਲਈ
ਮਜ਼ਬੂਰ ਹਾਂ
ਮੈਂ
ਇਹ ਸਭ ਕੁੱਝ ਕਰ ਨਹੀਂ ਸਕਦਾ
ਮੈਂ ਪੱਥਰ ਦੀ ਕਲਪਨਾ ਹਾਂ
ਪੱਥਰ ਦਾ ਵਜ਼ੂਦ ਹਾਂ
ਮਿੱਟੀ ਦੇ ਢੇਰ 'ਚ
ਮਿੱਟੀ 'ਚ ਮਿੱਟੀ ਹੋਇਆ
ਸੱਚ ਮੌਜ਼ੂਦ ਹਾਂ

–0–

ਮੈਂ ਆਪਣਾ ਸੱਚ
ਸਿੱਧ ਕਰ ਨਹੀਂ ਸਕਦਾ
ਮੈਂ ਹੀ ਮਨੁੱਖ ਹਾਂ

ਮਨੁੱਖ ਹੀ ਮੈਂ ਹਾਂ
ਇਸ ਅਹਿਸਾਸ ਦੇ
ਭਰਮ ਦਾ ਵੀ
ਦਮ ਭਰ ਨਹੀਂ ਸਕਦਾ
ਇਸ ਲਈ
ਮੈਂ ਆਪਣੇ ਆਪ 'ਚ
ਨਾ ਮਨੁੱਖ ਦਾ ਸੱਚ
ਨਾ ਸਫ਼ਰ ਹੋਇਆ ਹਾਂ
ਮੈਂ ਗਤੀ ਦੇ ਜਨਮ ਤੋਂ
ਪਹਿਲਾਂ ਹੀ
ਅਗਤੀ ਦੀ ਮੌਤ ਮੋਇਆ ਹਾਂ
ਜਿਸ ਦਾ ਕੋਈ
ਸੰਕਲਪ ਨਹੀਂ ਸ਼ਬਦ ਨਹੀਂ
ਅਰਥ ਨਹੀਂ ਭਾਸ਼ਾ ਨਹੀਂ
ਉਹ ਹਰਫ਼ ਹੋਇਆ ਹਾਂ
ਹਰ ਵਾਰ ਹੀ
ਆਪਣੇ ਯਤਨ ਦੇ ਭਾਰ ਹੇਠ
ਆਣ ਮੋਇਆ ਹਾਂ

----

## ਸਮੁੰਦਰ ਸ਼ਬਦ ਦਾ ਸਫ਼ਰ

ਮੈਂ ਸਮੁੰਦਰ
ਸ਼ਬਦ ਹਾਂ
ਬੂੰਦਾਂ ਦਾ ਸਮੂਹ ਹਾਂ
ਆਕਾਰ ਹਾਂ
ਮੈਂ ਚਾਹੁੰਦਾ ਹਾਂ
ਮਨੁੱਖ ਮੇਰੀ ਹੋਂਦ ਦਾ ਸੱਚ
ਮੇਰਾ ਵਜ਼ੂਦ ਜਾਣੇ
ਮੇਰੇ ਵਿਚਲਾ ਜੀਵਨ
ਪਹਿਚਾਣੇ
ਮੇਰੀ ਸੀਰਤ ਮੇਰੀ ਸੂਰਤ
ਮੇਰੀ ਜ਼ਮੀਰ ਮੇਰੀ ਤਾਸੀਰ
ਮੇਰੇ ਸੁਭਾਅ ਦਾ ਹਾਣੀ ਹੋਵੇ
ਮੇਰੇ ਅੰਦਰਲੇ ਤੇ ਬਾਹਰਲੇ
ਸੱਚ ਤੋਂ ਜਾਣੂ ਹੋਵੇ

-0-

ਮੈਂ ਮਨੁੱਖ ਨੂੰ
ਆਪਣਾ ਅੰਦਰ ਬਾਹਰ
ਵਿਖਾਇਆ ਹੈ
ਬੜਾ ਕੁੱਝ
ਮਨੁੱਖ ਨੇ ਮੇਰੇ ਅੰਦਰੋਂ
ਪਾਇਆ ਹੈ
ਬੜਾ ਕੁੱਝ ਮੇਰੇ 'ਚ ਸੁੱਤਾ
ਜਗਾਇਆ ਹੈ

ਮੈਂ ਮਨੁੱਖ ਨੂੰ
ਆਪਣੇ ਅੰਦਰਲੇ ਜੀਵਨ ਦੇ
ਕਈ ਰੰਗ ਵਿਖਾਏ ਹਨ
ਕਰੋੜਾਂ ਕਿਸਮ ਦੇ ਜੀਵ ਜੰਤੂ
ਆਪਣੀ ਦੇਹ 'ਚ ਵਸਾਏ ਹਨ
ਕਰੋੜਾਂ ਕਿਸਮ ਦੀ
ਜੀਵਨ ਪ੍ਰਣਾਲੀ ਦਾ
ਮੇਰੇ 'ਚ ਵਸੇਰਾ ਹੈ
ਮਨੁੱਖਾ ਧਰਤੀ ਤੋਂ ਵੱਧ
ਆਕਾਰ ਮੇਰਾ ਹੈ
ਮੇਰਾ ਕੋਈ ਆਦਿ ਨਹੀਂ
ਕੋਈ ਅੰਤ ਨਹੀਂ
ਬ੍ਰਹਿਮੰਡਾਂ ਦਾ ਬ੍ਰਹਿਮੰਡ
ਮੇਰੇ 'ਚ ਸਮਾਇਆ ਹੈ
ਮੇਰੇ 'ਚ ਉਤਰ ਕੇ
ਮਨੁੱਖ ਨੇ ਗਿਆਨ ਵਿਗਿਆਨ
ਤੇ ਦਰਸ਼ਨ ਦਾ
ਅਮੁੱਲਾ ਖਜ਼ਾਨਾ ਪਾਇਆ ਹੈ

-0-

ਮਨੁੱਖ ਮੇਰੇ 'ਚ
ਸਮਾਇਆ ਹੈ
ਪਰ ਮਨੁੱਖ ਨੇ ਅਜੇ ਤੱਕ ਨਾ
ਮੈਨੂੰ ਆਪਣੇ 'ਚ ਵਸਾਇਆ ਹੈ

ਨਾ ਮੇਰੇ 'ਚ ਵਸਦੀ
ਜ਼ਿੰਦਗੀ ਅਪਣਾਈ ਹੈ
ਨਾ ਮੇਰੀ ਸਵੱਸ਼ਤਾ ਨੂੰ
ਦਿਲ 'ਚ ਬਿਠਾਇਆ ਹੈ
ਮਨੁੱਖਾ ਦੇਹ ਦਾ ਹਿੱਸਾ
ਮੇਰਾ ਹੀ ਰੂਪ ਹੈ ਸਰੂਪ ਹੈ
ਪਰ ਮਨੁੱਖ ਨੇ ਨਾ ਮੇਰੀ ਹੋਂਦ ਨੂੰ
ਨਾ ਮੇਰੇ ਸੱਚ ਨੂੰ
ਆਪਣੇ 'ਚ ਵਸਾਇਆ ਹੈ
ਮੈਂ ਜਿਉਂਦਾ ਜਾਗਦਾ ਸ਼ਬਦ
ਬੋਲਦਾ ਸੁਣਦਾ ਵੇਖਦਾ
ਤੇ ਤੁਰਦਾ ਹਾਂ
ਮਨੁੱਖ ਦੀ ਦੇਹ 'ਚ
ਉਤਰਦਾ ਹਾਂ

-0-

ਜੋ ਰੂਪ
ਮਨੁੱਖ ਦਾ ਮੈਂ ਆਪਣੇ 'ਚ
ਸਿਰਜਦਾ ਹਾਂ
ਜੋ ਰੂਪ ਮੈਂ ਆਪਣਾ
ਮਨੁੱਖ 'ਚ ਸਿਰਜਦਾ ਹਾਂ
ਉਸ ਰੂਪ ਤੋਂ
ਮਨੁੱਖ ਦੂਰ ਹੈ
ਮਨੁੱਖ ਮੇਰੇ ਹਜ਼ੂਰ ਨਹੀਂ

ਮੈਂ ਮਨੁੱਖ ਦੇ ਹਜ਼ੂਰ ਹਾਂ
ਮੈਂ ਮਨੁੱਖ ਹੋਵਾਂ
ਮਨੁੱਖ ਮੈਂ ਹਵਾਂ
ਮੈਂ ਚਾਹੁੰਦਾ ਹਾਂ
ਮੈਂ ਮਨੁੱਖ 'ਚ ਆਪਾ
ਆਪੇ 'ਚ ਮਨੁੱਖ ਧਰਨਾ
ਚਾਹੁੰਦਾ ਹਾਂ
ਪਰ ਹੁਣ ਤਕ ਨਾ ਮਨੁੱਖ
ਮੇਰਾ ਅਰਥ ਹੋਇਆ ਹੈ
ਨਾ ਮੈਂ ਮਨੁੱਖ ਦਾ ਹਰਫ਼
ਹੋਇਆ ਹਾਂ
ਇਹ ਯਤਨ ਹਰ ਵਾਰ ਕੀਤਾ ਹੈ
ਪਰ ਹਰ ਵਾਰ ਹੀ
ਇਸ ਯਤਨ 'ਚ ਅਸਫਲ
ਹੋਇਆ ਹਾਂ

----

## ਚਰਨ ਛੋਹ

ਮੇਰੇ ਮਸਤਕ ਨੂੰ
ਜੇ ਤੇਰੀ ਚਰਨ ਛੋਹ ਮਿਲ ਜਾਏ
ਮੈਂ ਕਤਰਾ ਬੂੰਦ ਦਾ
ਸਾਗਰ ਹੋ ਜਾਵਾਂ
ਮੈਂ ਬਣ ਹਰਿਆਵਲ
ਸਹਿਰਾ 'ਚ ਫੈਲ ਜਾਵਾਂ
ਤੇਰੇ ਰਾਹਾਂ 'ਚ ਬੀਜਾਂ
ਬਹਾਰਾਂ ਰੁੱਤਾਂ ਤੇ ਮਹਿਕਾਂ
ਤੇਰੇ ਮੱਥੇ 'ਚ
ਚੰਨ ਸੂਰਜ ਤਾਰੇ ਸਜ਼ਾਵਾਂ
ਮੈਂ ਬਿੰਦੂ ਤੋਂ
ਦਾਇਰਿਆਂ 'ਚ ਉਤਰ ਜਾਵਾਂ
ਤੇਰੀ ਇਕ ਛੋਹ ਸਦਕਾ
ਮੈਂ ਬੰਦਾ ਬੰਦੇ ਤੋਂ ਬੰਦਾ ਹੋ ਜਾਵਾਂ

-0-

ਤੇਰੇ ਦਰ ਤੇ ਧਰ ਦੇਵਾਂ
ਦੁਨੀਆਂ ਦੀਆਂ ਸਭ ਰਹਿਮਤਾਂ
ਤੇ ਨਿਹਮਤਾਂ
ਤੇਰੇ 'ਚ ਸਿਰ ਤੋਂ ਪੈਰਾਂ ਤੀਕ ਉਤਰ ਜਾਵਾਂ
ਮੈਂ ਤੇਰੇ ਹਵਾਲੇ
ਕਰ ਦਿਆਂ ਸਭ ਕੁੱਝ ਹੀ ਆਪਣਾ
ਮੈਂ ਤੇਰਾ ਹੋ ਕੇ ਆਪਾ ਭੁੱਲ ਜਾਵਾਂ
ਤੇਰੀ ਹੋਂਦ ਦਾ ਮੈਂ ਸੱਚ ਕਹਾਵਾਂ

-0-

ਨਾ ਮੈਨੂੰ
ਜ਼ਿੰਦਗੀ ਨਾ ਮੌਤ
ਨਾ ਕਬਰਾਂ ਦੀ ਮਿੱਟੀ ਪਹਿਚਾਣੇ
ਮੈਂ ਸਿਰਫ਼
ਤੇਰੇ ਚਿਹਰੇ ਚੋਂ ਨਜ਼ਰ ਆਵਾਂ
ਤੇਰਾ ਲਹੂ ਤੇਰਾ ਰੰਗ ਤੇਰੇ ਪ੍ਰਾਣ
ਕਹਾਵਾਂ
ਮੇਰੇ ਸਮਤਕ ਨੂੰ
ਜੇ ਤੇਰੀ ਚਰਨਛੋਹ ਮਿਲ ਜਾਵੇ
ਮੈਂ ਕਤਰਾ ਬੂੰਦ ਦਾ ਸਾਗਰ ਹੋ ਜਾਵਾਂ

-----

## ਸ਼ਬਦ ਤੋਂ ਅਰਥ
## ਅਰਥ ਤੋਂ ਸ਼ਬਦ ਦਾ ਸਫ਼ਰ

ਇਹ ਅਰਥ ਤੋਂ ਸ਼ਬਦ
ਸ਼ਬਦ ਤੋਂ ਅਰਥ ਦਾ ਸਫ਼ਰ ਹੈ
ਜੀਵਨ ਦਾ ਇਹ ਕਰਮ ਹੈ
ਜੀਵਨ ਦਾ ਇਹ ਧਰਮ ਹੈ

-0-

ਕਈ ਵਾਰ
ਅਰਥਾਂ ਦਾ ਮੁਕੰਮਲ ਸੱਚ
ਆਪਣੀ ਬੁੱਕਲ 'ਚ
ਬਿਠਾ ਨਹੀਂ ਸਕਦੇ
ਸ਼ਬਦ ਤੁਰਦੇ ਹਨ
ਪਰ ਕਈ ਵਾਰ ਅਰਥਾਂ
ਦਾ ਭਾਰ ਉਠਾ ਨਹੀਂ ਸਕਦੇ
ਕਿਉਂਕਿ
ਅਰਥ ਸ਼ਬਦ ਤੋਂ ਵੱਡੇਰਾ ਹੈ
ਸ਼ਬਦ ਸੌੜਾ ਹੈ
ਅਰਥ ਦਾ ਅਥਾਹ ਘੇਰਾ ਹੈ

-0-

ਪਰ ਅਰਥ ਦੇ ਪੈਰ
ਸ਼ਬਦ ਹਨ
ਅਰਥ ਸ਼ਬਦ ਦੇ ਪੈਰਾਂ ਬਿਨਾਂ
ਕਿਤੇ ਵੀ ਆ ਨਹੀਂ ਸਕਦਾ

ਜਾ ਨਹੀਂ ਸਕਦਾ
ਸ਼ਬਦ ਬਿਨ
ਜੀਵਨ ਦੇ ਕਰਮ ਖੇਤਰ 'ਚ
ਅਰਥ ਸਮਾ ਨਹੀਂ ਸਕਦਾ
ਕੋਈ ਅਰਥ
ਆਪਣਾ ਸਫ਼ਰ
ਸ਼ਬਦਾਂ ਬਿਨਾਂ ਮੁਕਾ ਨਹੀਂ ਸਕਦਾ


-0-

ਰੁੱਖ ਦਾ ਆਕਾਰ
ਬੀਜ ਤੋਂ ਵਡੇਰਾ ਹੈ
ਪਰ ਬੀਜ 'ਚ ਰੁੱਖ ਸਮਾਇਆ ਹੈ
ਅਰਥ ਨੂੰ
ਆਪਣੇ ਸ਼ਬਦ ਬੀਜ ਦਾ
ਇਹ ਸੱਚ
ਅਜੇ ਤਕ ਨਾ ਸਮਝ
ਆਇਆ ਹੈ
ਇਸ ਲਈ ਸ਼ਬਦ
ਅਰਥ ਲਈ ਪਰਾਇਆ ਹੈ
ਨਾ ਸ਼ਬਦ ਨੇ ਅਰਥ ਦਾ
ਨਾ ਅਰਥ ਨੇ ਸ਼ਬਦ ਦਾ
ਸਫ਼ਰ ਮੁਕਾਇਆ ਹੈ
ਨਾ
ਇਕ ਦੂਜੇ ਦਾ ਮੁੱਲ
ਪਾਇਆ ਹੈ

-0-

ਇਸ ਲਈ
ਰੁੱਖ ਦੇ ਪਹਾੜ ਦੇ
ਸਮੁੰਦਰ ਦੇ ਸ਼ਬਦ
ਤੇ ਇਨਸਾਨ ਦੇ ਅਰਥ
ਵਿਚਲਾ ਫ਼ਾਸਲਾ ਹੈ
ਰੁੱਖ ਪਹਾੜ ਸਮੁੰਦਰ ਦਾ
ਯਤਨ
ਮਨੁੱਖੀ ਅਰਥ ਨੂੰ
ਸ਼ਬਦ ਬੀਜ ਦਾ ਅਰਥ
ਸਮਝਾਏਗਾ
ਸ਼ਬਦ ਤੇ ਅਰਥ
ਵਿਚਲਾ ਇਹ ਫ਼ਾਸਲਾ
ਮਿਟ ਜਾਏਗਾ
ਰੁੱਖ ਪਹਾੜ ਸਮੁੰਦਰ
ਮਨੁੱਖ ਕਹਿਲਾਏਗਾ
ਮਨੁੱਖ ਰੁੱਖ ਪਹਾੜ
ਸਮੁੰਦਰ ਕਹਿਲਾਏਗਾ
ਜੋ ਕੁਦਰਤ ਤੋਂ ਦੂਰ
ਤੁਰ ਗਿਆ ਹੈ ਮਨੁੱਖ
ਕੁਦਰਤ ਦੀਆਂ ਬਾਹਾਂ 'ਚ
ਪਰਤ ਆਏਗਾ

-----



ਲੋਕ ਜਿਉਂਦੇ ਹਨ
ਜ਼ਖ਼ਮ ਖਾਂਦੇ ਹਨ
ਸ਼ਿਕੱਸਤ ਤੇ ਵਿਜੈ ਪਾਉਂਦੇ ਹਨ
ਸਹਿਰਾ 'ਚ ਤੁਰਦੇ ਹਨ
ਸਾਗਰ ਤਰਦੇ ਹਨ
ਖੰਡਰਾਂ 'ਚ ਰੌਣਕਾਂ ਬੀਜਦੇ ਹਨ
ਪੱਥਰਾਂ ਚੋਂ ਬੁੱਤ ਤਰਾਸ਼ਦੇ ਹਨ
ਚੁੱਪ 'ਚ ਬੋਲ ਉਤਾਰਦੇ ਹਨ
ਜੀਵਨ ਤੇ ਮੌਤ ਦਾ ਸਫ਼ਰ ਕਰਦੇ ਹਨ
ਅਰਥ ਜਨਮਦੇ ਹਨ
ਜੀਵਨ ਮੌਤ ਦੀ ਹੋਂਦ 'ਚ ਧਰਦੇ ਹਨ

(ਕੋਰਾ ਕਾਗਜ਼ ਵਿਚੋਂ)

ਉਹ ਆਪਣੇ ਅੰਦਰਲੇ
ਸ਼ੋਰ ਨਾਲ ਟੱਕਰਾ ਗਿਆ
ਤੇ ਚੁੱਪ ਹੋ ਗਿਆ
ਆਪਣੀ ਇਕਾਂਤ 'ਚ
ਉਤਰ ਗਿਆ
ਜਿੱਥੇ ਸਿਰਫ਼ ਇਕਾਂਤ
ਚੁੱਪ ਤੇ ਉਹ ਸੀ
ਹੋਰ ਕੋਈ ਨਹੀਂ ਸੀ

(ਸ਼ਬਦਾਂ ਦਾ ਸਫ਼ਰ ਵਿਚੋਂ)

–ਚਰਨ ਸਿੰਘ